ਵਿਸ਼ਾ:- ਗਣਿਤ

ਜਮਾਤ:- ਸੱਤਵੀਂ

ਪਾਠ ਦਾ ਨਾਮ:- ਸੰਪੂਰਨ ਸੰਖਿਆਵਾਂ

Section “A” ( ਪਾਠ ਬਾਰੇ ਮੁੱਢਲੀ ਜਾਣਕਾਰੀ)

| | |
|---|---|
| Name of the School | GHS Suhaggheri Distt Fatehgarh Sahib |
| Name of Teacher | Tejinder Singh |
| Class | $7^{th}$ |
| Subject | Mathematics |
| Name of the Chapter | Integers |
| No.of Periods required to teach the Chapter | 9 |

Section-B ਉਦੇਸ਼

B-1: ਰੋਜਾਨਾ ਜੀਵਨ ਵਿਚ ਲਾਭ

ਸੰਪੂਰਨ ਸੰਖਿਆਵਾਂ: ਪਤਾ ਹੋਣ ਦੇ ਲਾਭ

ਹੇਠਾਂ ਵੱਲ ਜਾਣਾ :

ਰਿਣਾਤਮਕ ਸੰਪੂਰਨ ਸੰਖਿਆਵਾ ਘਟਦਾ ਕ੍ਰਮ ਜਾ ਹੇਠ ਵੱਲ ਜਾਣਾ ਜਾਂ ਖੱਬੇ ਵੱਲ ਜਾਣਾ ਦਰਸਾਉਂਦੀਆਂ ਹਨ। (ਸੰਖਿਆ ਰੇਖਾ ਉਤੇ) ਜੇ ਇਕ ਕਾਰ ਹੌਲੀ ਚਲਣੀ ਸ਼ੁਰੂ ਹੋ ਜਾਵੇ ਤਾਂ ਇਸਦੇ ਪ੍ਰਵੇਗ ਦਾ ਮੁੱਲ ਰਿਣਾਤਮਕ ਹੁੰਦਾ ਹੈ ਕਿਉਂ ਇਸਦੀ ਚਾਲ ਘੱਟ ਰਹੀ ਹੁੰਦੀ ਹੈ। ਜੇ ਤੁਸੀ ਜਮੀਨ ਵਿੱਚ ਕੋਈ ਜਗਾ ਖੋਦਦੇ ਹੋ ਤਾਂ ਉਸਦੀ ਡੂੰਘਾਈ ਰਿਣਾਤਮਕ ਸੰਪੂਰਨ ਸੰਖਿਆ ਦਰਸਾਉਂਦੀ ਹੈ।

ਥਰਮਾਮੀਟਰ : ਥਰਮਾਮੀਟਰ ਰਿਣਾਤਮਕ ਸੰਪੂਰਨ ਸੰਖਿਆਵਾ ਲਈ ਇਕ ਆਮ ਉਦਾਹਰਨ ਹੈ।ਥਰਮਾਮੀਟਰ(ਲੰਬਾਤਮਕ ਰੂਪ ਵਿਚ) ਸੰਖਿਆ ਰੇਖਾ ਨਾਲ ਮੇਲ ਖਾਂਦਾ ਹੈ। ਧਨਾਤਮਕ ਸੰਪੂਰਨ ਸੰਖਿਆਵਾ ਸਿਫਰ ਤੋਂ ਉਤੇ ਅਤੇ ਰਿਣਾਤਮਕ ਸੰਪੂਰਨ ਸੰਖਿਆਵਾਂ ਸਿਫਰ ਤੋਂ ਹੇਠ ਹੁੰਦੀਆ ਹਨ। ਆਮ ਤੌਰ ਤੇ ਲੋਕ $-25^0C$ ਨੂੰ ਸਰਦੀ ਦਾ ਤਾਪਮਾਨ ਦੱਸਦੇ ਹਨ। ਲੋਕ ਇਸ ਸੰਖਿਆ ਪ੍ਰਣਾਲੀ ਨੂੰ ਮਾਪ ਅਤੇ ਹਵਾ ਦੇ ਤਾਪਮਾਨ ਨੂੰ ਦਰਸਾਉਣ ਲਈ ਵਰਤਦੇ ਹਨ। ਜੇਕਰ ਬਾਹਰ $-23^0C$ ਤਾਪਮਾਨ ਹੋਵੇ। ਅਤੇ ਇਸ ਵਿਚ $3^0C$ ਦੀ ਗਿਰਾਵਟ ਹੋ ਜਾਵੇ ਤਾਂ ਹੁਣ ਤਾਪਮਾਨ ਕੀ ਹੋਵੇਗਾ? $-26^0C$ ਜੇ ਅਸੀ ਥਰਮਾਮੀਟਰ ਦੀ ਤਸਵੀਰ ਵੇਖੀਏ ਤਾਂ ਅਸੀ ਜਾਣਦੇ ਹਾਂ ਕਿ ਜਿਵੇਂ ਜਿਵੇਂ ਤਾਪਮਾਨ ਘੱਟੇਗਾ ਤਾਂ ਅਸੀ ਹੇਠਾਂ ਵੇਖਾਂਗੇ ।

ਉਚਾਈ

ਭੁਗੋਲਿਕ ਤੌਰ ਤੇ, ਅਸੀ ਸੰਪੂਰਨ ਸੰਖਿਆਵਾ ਨੂੰ ਸਮੁੰਦਰੀ ਪੱਧਰ ਜਾਣਨ ਲਈ ਵਰਤਦੇ ਹਾਂ। ਇਸ ਤਰ੍ਹਾਂ ਸਮੁੰਦਰੀ ਪੱਧਰ ਤੇ ਹੇਠਾਂ ਵੱਲ ਨੂੰ ਅਸੀ ਰਿਣਾਤਮਕ ਸੰਖਿਆਵਾ ਨਾਲ ਦਰਸਾਵਾਗੇ ਉਦਾਹਰਨ ਵਜੋਂ Death valley ਜੋ California ਵਿਚ ਹੈ।ਇਹ ਸਮੁੰਦਰੀ ਤਲ ਤੋਂ 86m ਹੇਠਾਂ ਵਲ ਹੈ। ਇਸਨੂੰ ਅਸੀ -86 m ਨਾਲ ਦਰਸਾਉਂਦੀ ਹਾਂ। Antarctica ਸਮੁੰਦਰੀ ਤੱਲ ਤੋਂ 2538 m ਹੇਠਾਂ ਵੱਲ (-2,538) ਹੈ। ਭੂਗੋਲਿਕ ਤੌਰ ਤੇ specialists ਨੇ Mount Everest (in Tibet) ਜੋ ਕਿ ਸਮੁੰਦਰੀ ਤਲ ਤੋਂ 409 m ਹੇਠਾਂ ਹੈ ਬਾਰੇ ਜਾਣਕਾਰੀ ਪਤਾ ਕੀਤੀ ਤਾਂ ਰਿਣਾਤਮਕ ਸੰਪੂਰਨ ਸੰਖਿਆਵਾਂ ਨਾਲ ਦਰਸਾਇਆ ।

Banks:

ਆਮ ਤੌਰ ਤੇ , ਬੈਕਾਂ ਅਤੇ (redits unions) ਵੀ ਰਿਣਾਤਮਕ ਸੰਪੂਰਨ ਸੰਖਿਆਵਾ ਦੀ ਵਰਤੋਂ ਕਰਦੇ ਹਨ। ਰੁਪਏ ਕਢਵਾਉਣ , ਉਧਾਰ ਦੇਣਾ ਨੂੰ ਰਿਣਾਤਮਕ ਸੰਪੂਰਨ ਸੰਖਿਆਵਾ ਨਾਲ ਅਤੇ ਜਮਾ ਕਰਵਾਉਣ ਨੂੰ ਧਨਾਤਮਕ ਸੰਪੂਰਨ ਸੰਖਿਆਵਾ ਨਾਲ ਦਰਸਾਇਆ ਜਾਂਦਾ ਹੈ। ਉਦਾਹਰਨ ਵਜੋਂ ਮੰਨ ਲਉ ਮੈਂ ਆਪਣੇ ਬੈਂਕ ਖਾਤੇ ਵਿਚ 100 ਰੁਪਏ ਜਮਾਂ ਕਰਵਾਏ । ਫਿਰ ਮੇਰਾ ਬਕਾਇਆ 100 ਰੁਪਏ ਹੋ ਗਿਆ। ਜੇ ਮੈਂ 20ਰੁ: ਵਾਲੇ 2 ਸਵੈਟਰ ਖਰੀਦਾ ਤਾਂ ਮੈਨੂੰ 40 ਰੁ: ਦੀ ਲੋੜ ਹੋਵੇਗੀ ਤੇ ਮੇਰੇ ਬੈਂਕ ਖਾਤੇ ਵਿਚੋਂ 40 ਰੁ: ਘੱਟ ਜਾਣਗੇ। ਇਸਨੂੰ ਗਣਿਤਿਕ ਰੂਪ ਵਿਚ -40 ਰੁਪਏ ਲਿਖਾਗੇ। ਹੁਣ ਮੇਰੇ ਖਾਤੇ ਵਿਚ 60 ਰੁਪਏ ਹਨ। ਮੈਂ ਫੈਸਲਾ ਕੀਤਾ ਕਿ ਮੈਨੂੰ ਨਵੇ ਸਵੈਟਰਾ ਦੇ ਨਾਲ ਜੀਨ ਵੀ ਚਾਹੀਦੀ ਹੈ ਅਤੇ 65 ਰ: ਵਾਲੀ ਇਕ ਜੀਨ ਪਸੰਦ ਕਰਦਾ ਹਾਂ। ਅਤੇ ਜੇ ਮੈਂ ਇਸ ਨੂੰ ਖਰੀਦ ਦਾ ਹਾਂ ਤਾਂ ਮੇਰੇ ਖਾਤੇ ਵਿਚ ਬਕਾਇਆ -5 ਰੁ: ਹੋਵੇਗਾ ਇਸ ਤਰ੍ਹਾਂ ਬੈਂਕ ਅਤੇ credits unions ਲਈ ਧਨਾਤਮਕ ਅਤੇ ਰਿਣਾਤਮਕ ਸੰਪੂਰਨ ਸੰਖਿਆਵਾ ਨਾਲ ਇਹ ਵੇਖਣਾ ਅਸਾਨ ਕਿ ਰੁਪਏ ਖਾਤੇ ਵਿਚ ਜਮਾਂ ਕਰਵਾਏ ਗਏ ਹਨ। ਜਾਂ ਕਢਵਾਏ ਗਏ ਹਨ।

ਸੰਪੂਰਨ ਸੰਖਿਆਵਾ ਨਾ ਪਤਾ ਹੋਣ ਦੇ ਨੁਕਸਾਨ :

ਇਕ ਵਿਅਕਤੀ ਜਿਸਨੂੰ ਸੰਪੂਰਨ ਸੰਖਿਆਵਾ ਬਾਰੇ ਪਤਾ ਨਹੀ। ਉਸਨੂੰ ਹੇਠ ਲਿਖੇ ਖੇਤਰਾਂ ਵਿਚ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

A) ਖਾਤੇ ਚੈਕ ਕਰਨ ਲਈ (ਦੋ ਸਥਿਤੀਆਂ)

ਜੇ ਇਸ ਵਿਚ ਫੰਡ ਹੈ ਤਾਂ ਇਸਨੂੰ ਧਨਾਤਮਕ ਸੰਪੂਰਨ ਸੰਖਿਆਵਾ ਨਾਲ ਦਰਸਾਇਆ ਜਾਂਦਾ ਹੈ।

ਜੇ ਖਾਤੇ ਵਿਚੋਂ ਪੈਸੇ ਕਢਵਾਏ ਜਾਣ ਤਾਂ ਇਸਨੂੰ ਰਿਣਾਤਮਕ ਸੰਪੂਰਨ ਸੰਖਿਆਵਾ ਨਾਲ ਦਰਸਾਇਆ ਜਾਂਦਾ ਹੈ।

B) ਕਾਰੋਬਾਰ ਵਿਚ ਸੰਪੂਰਨ ਸੰਖਿਆਵਾਂ ਦੀ ਵਰਤੋ (ਦੋ ਸਥਿਤੀਆ )

ਜੇ ਇਸ ਵਿਚ ਲਾਭ ਹੁੰਦਾ ਹੈ ਤਾਂ ਅਸੀ ਧਨਾਤਮਕ ਸੰਖਿਆਵਾਂ ਵਰਤਦੇ ਹਨ। ਜੇ ਇਸ ਵਿਚ ਘਾਟਾ ਹੁੰਦਾ ਹੈ ਤਾਂ ਅਸੀ ਰਿਣਾਤਮਕ ਸੰਖਿਆਵਾਂ ਵਰਤਦੇ ਹਾਂ ।

C) ਤਾਪਮਾਨ ਦੀ (calculation) ਵਿਚ ਸੰਪੂਰਨ ਸੰਖਿਆਵਾ ਦੀ ਵਰਤੋ (ਦੋ ਸਥਿਤੀਆਂ)

ਜੇਕਰ ਤਾਪਮਾਨ ਸਿਫਰ ਤੋਂ ਉਪਰ ਹੈ ਤਾਂ ਇਸਨੂੰ ਧਨਾਤਮਕ ਸੰਪੂਰਨ ਸੰਖਿਆਵਾਂ ਨਾਲ ਦਰਸਾਵਾਂਗੇ

ਜੇਕਰ ਤਾਪਮਾਨ ਸਿਫਰ ਤੋਂ ਹੇਠਾਂ ਹੈ ਤਾਂ ਇਸ ਨੂੰ ਰਿਣਾਤਮਕ ਸੰਪੂਰਨ ਸੰਖਿਆਵਾਂ ਨਾਲ ਦਰਸਾਵਾਂਗੇ।

D) Lifestyle ਨੂੰ ਤਾਕਤਵਰ ਦਰਸਾਉਣ ਵਿੱਚ ਵਰਤੋਂ (ਦੋ ਸਥਿਤੀਆਂ)

ਜਦੋਂ Calories ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਤਾਂ ਇਸਨੂੰ ਧਨਾਤਮਕ ਸੰਪੂਰਨ ਸੰਖਿਆਵਾਂ ਨਾਲ ਦਰਸਾਉਂਦੇ ਹਾਂ ਜਦੋਂ Calories ਜਲਦੀਆਂ ਹਨ, ਤਾਂ ਇਸਨੂੰ ਰਿਣਾਤਮਕ ਸੰਪੂਰਨ ਸੰਖਿਆਵਾਂ ਨਾਲ ਦਰਸਾਉਂਦੇ ਹਾਂ।

B-2 : ਗੁੰਝਲਦਾਰ ਨੂੰ ਸੌਖਾ ਕਰਨਾ।

1. ਪ੍ਰਾਕ੍ਰਿਤਿਕ ਸੰਖਿਆਵਾਂ ਪੂਰਨ ਸੰਖਿਆਵਾਂ , ਤੇ ਸੰਪੂਰਨ ਸੰਖਿਆਵਾਂ ਦੀ ਲੋੜ ਬਾਰ-ਬਾਰ ਪੜਨਾ

2. ਸੰਪੂਰਨ ਸੰਖਿਆਵਾਂ ਦੀ ਪਰਿਭਾਸ਼ਾ ਨੂੰ ਸੰਖਿਆ ਰੇਖਾ ਤੇ ਦਰਸਾਉਣਾ

3. ਸੰਪੂਰਨ ਸੰਖਿਆਵਾਂ ਦਾ ਜੋੜਾਤਮਕ ਉਲਟ ਤੇ ਨਿਰਪੇਖ ਮੁੱਲ

4. ਸੰਪੂਰਨ ਸੰਖਿਆਵਾਂ ਦੀ ਤੁਲਨਾ

5. ਸੰਖਿਆ ਰੇਖਾ ਉਤੇ ਸੰਪੂਰਨ ਸੰਖਿਆਵਾ ਦਾ ਜੋੜ ਅਤੇ ਘਟਾਉ”

6. ਬਟਨ ਐਕਟਿਵਿਟੀ ਤੇ ਹੋਰਨਾ ਕਿਰਿਆਵਾਂ ਨਾਲ, ਸੰਪੂਰਨ ਸੰਖਿਆਵਾਂ ਦਾ ਜੋੜ ਅਤੇ ਘਟਾਉ ਕਰਨਾ।

7. ਸੰਪੂਰਨ ਸੰਖਿਆਵਾਂ ਦੀ ਗੁਣਾ

8: ਸੰਪੂਰਨ ਸੰਖਿਆਵਾਂ ਦੀ ਭਾਗ

B-3 ਜੀਵਨ Skills

1. ਜਨਤਾ ਵਿਚ ਬੋਲਣ ਦਾ ਹੁਨਰ : ਆਪਣੇ ਵਿਚਾਰ ਤੇ ਸੋਚ ਨੂੰ ਬੋਲਨਾ

2. ਟੀਮ ਵਿਚ ਕੰਮ ਕਰਨਾ : ਮਿਲ ਕੇ ਕੰਮ ਕਰਨਾ ਤੇ ਸਿਖਣਾ

3. ਸ਼ਬਦਾਵਲੀ ਬਣਾਉਣੀ ਅਤੇ ਅੱਖਰਾ ਨੂੰ ਜਾਣਨਾ

4. ਤਕਨੀਕੀ ਵਰਤੋਂ ਸੰਪੂਰਨ ਸੰਖਿਆ ਬਾਰੇ Power Point presentation

B-4 Vocabulary

| | | |
|---|---|---|
| 1. | Integers | ਸੰਪੂਰਨ ਸੰਖਿਆਵਾਂ |
| 2. | Whole numbers | ਪੂਰਨ ਸੰਖਿਆਵਾਂ |
| 3. | Reciprocal | ਉਲਟਕ੍ਰਮ |
| 4. | Negative Numbers | ਰਿਣਾਤਮਕ ਸੰਖਿਆਵਾਂ |
| 5. | Positive Numbers | ਧਨਾਤਮਕ ਸੰਖਿਆਵਾਂ |
| 6. | Number Line | ਸੰਖਿਆ ਰੇਖਾ |
| 7. | Absolute Value | ਨਿਰਪੇਖ ਮੁੱਲ |
| 8. | < | ਤੋਂ ਛੋਟਾ ਹੈ |
| 9. | > | ਤੋਂ ਵੱਡਾ ਹੈ |
| 10. | additive inverse | ਜੋੜਾਤਮਕ ਉਲਟ |

Section –C (ਪੁਲ ਬਣਾਉਣੇ)

ਜਾਣ ਪਛਾਣ : ਜਿਵੇਂ ਕਿ ਅਸੀ ਜਾਣਦੇ ਹਾਂ ਕਿ ਗਿਣਤੀ ਸੁਰੂ ਕਰਨ ਸਮੇਂ ਅਸੀ 1,2,3,4,…….. ਗਿਣਦੇ ਹਾਂ। ਕੁਦਰਤੀ ਤੌਰ ਤੇ ਹੀ ਅਸੀ ਇਸ ਤਰ੍ਹਾਂ ਗਿਣਦੇ ਹਾਂ । ਇਸ ਲਈ ਇਹਨਾਂ ਸੰਖਿਆਵਾ ਨੂੰ ਗਣਿਤ ਵਿਗਿਆਨੀਆਂ ਨੇ ਪ੍ਰਾਕ੍ਰਿਤਿਕ ਸੰਖਿਆਵਾ ਕਿਹਾ ਹੈ।

ਅਗੇਤਰ ਅਤੇ ਪਿਛੇਤਰ:

ਦਿਤੀ ਗਈ ਪ੍ਰਕ੍ਰਿਤਿਕ ਸੰਖਿਆ ਵਿਚ ਇਕ ਜੋੜਨ ਨਾਲ ਤੁਸੀ ਅਗਲੀ ਸੰਖਿਆ ਪ੍ਰਾਪਤ ਕਰਦੇ ਹੋ ਅਤੇ ਇਸ ਤਰ੍ਹਾਂ ਤੁਸੀ ਇਸਦਾ ਅਗੇਤਰ ਪ੍ਰਾਪਤ ਕਰਦੇ ਹੋ। 16 ਦਾ ਅਗੇਤਰ 16+1=17, 19 ਦਾ 19+1=20 ਹੈ ਅਤੇ ਇਸੇ ਤਰ੍ਹਾਂ ਹੋਰ ਸੰਖਿਆ : 16,17 ਤੋਂ ਪਹਿਲਾਂ ਆਉਂਦੀ ਹੈ, ਅਸੀ ਕਹਿ ਸਕਦੇ ਹਾਂ ਕਿ 17 ਦਾ ਪਿਛੇਤਰ , 17-16=16 ਹੈ 20 ਦਾ ਪਿਛੇਤਰ 20-1=19 ਹੈ। ਇਸੇ ਤਰ੍ਹਾਂ ਹੋਰ ਸ: 3 ਦਾ ਅਗੇਤਰ ਅਤੇ ਪਿਛੇਤਰ ਦੋਵੇ ਹਨ।ਸੰਖਿਆ : 2 ਬਾਰੇ ਕੀ ਵਿਚਾਰ ਹੈ? ਇਸਦਾ ਅਗੇਤਰ ਤਿੰਨ ਹੈ ਤੇ ਪਿਛੇਤਰ 1 ਹੈ।

ਕੀ ਸੰਖਿਆ 1 ਦੇ ਅਗੇਤਰ ਅਤੇ ਪਿਛੇਤਰ ਦੋਵੇ ਹਨ।

1. ਅਗੇਤਰ ਅਤੇ ਪਿਛੇਤਰ ਲਿਖੋ 19,199,7,12,000,49,100000

1.ਕੀ ਅਜਿਹੀ ਕੋਈ ਪ੍ਰਕ੍ਰਿਤਿਕ ਸੰਖਿਆ ਹੈ, ਜਿਸ ਦਾ ਕੋਈ ਪਿਛੇਤਰ ਨਾ ਹੋਵੇ।

2. ਸਭ ਤੋਂ ਵੱਡੀ ਪੂਰਨ ਸੰਖਿਆ ਕਿਹੜੀ ਹੈ?

Section – D

ਹਰੇਕ ਅਧਿਆਇ ਦੀ period wise ਵੰਡ

Period : ਕਰਵਾਇਆ ਜਾਣ ਵਾਲਾ ਕੰਮ

1. ਅਧਿਆਇ ਦੀ ਜਾਣ ਪਛਾਣ, ਪ੍ਰਾਕ੍ਰਿਤਿਕ ਸੰਖਿਆਵਾਂ ਦੀ ਦੁਹਰਾਈ ,ਪੂਰਨ ਸੰਖਿਆਵਾਂ ਦੇ ਅਗੇਤਰ ਪਿਛੇਤਰ, ਉਦਾਹਰਨ ਨਾਲ ਸੰਪੂਰਨ ਸੰਖਿਆਵਾ ਦੀ ਲੋੜ ਬਾਰੇ ਚਰਚਾ, ਨਿਰਪੇਖ ਮੁਲ, ਸੰਖਿਆ ਰੇਖਾ ਉਤੇ ਸੰਪੂਰਨ ਸੰਖਿਆਵਾਂ ਨੂੰ ਦਰਸਾਉਣਾ

2.ਪਿਛਲੇ ਸ਼ੈਸ਼ਨ ਦੀ ਦੁਹਰਾਈ , ਸੰਖਿਆ ਰੇਖਾ ਦੀ ਵਰਤੋ ਨਾਲ ਸੰਪੂਰਨ ਸੰਖਿਆਵਾ ਦਾ ਜੋੜ, ਖੇਡ ਪੱਤਿਆ ਦੀ ਖੇਡ ਜਾ ਪਾਸੇ ਦੀ ਖੇਡ ਨਾਲ ਸੰਪੂਰਨ ਸੰਖਿਆਵਾ ਦਾ ਜੋੜ, ਖੇਡ ਪੱਤਿਆ ਦੀ ਖੇਡ ਜਾ ਪਾਸੇ ਦੀ ਖੇਡ ਨਾਲ ਸੰਪੂਰਨ ਸੰਖਿਆਵਾ ਦਾ ਜੋੜ

3. Recapitulation of previous session, ਸੰਖਿਆ ਰੇਖਾ ਉਤੇ ਸੰਪੂਰਨ ਸੰਖਿਆਵਾਂ ਦਾ ਘਟਾਓ

4. Recapitulation of previous session, ਸੰਖਿਆ ਰੇਖਾ ਦੀ ਵਰਤੋ ਸੰਪੂਰਨ ਸੰਖਿਆਵਾਂ ਦਾ ਘਟਾਉ

5. Recapitulation of previous session, ਸੰਪੂਰਨ ਸੰਖਿਆਵਾਂ ਦੀ ਗੁਣਾ ਅਭਿਆਸ ਦਾ ਕੰਮ

6. Recapitulation of previous session, ਸੰਪੂਰਨ ਸੰਖਿਆਵਾਂ ਦੀ ਗੁਣਾ ਅਭਿਆਸ ਦਾ ਕੰਮ

7. Recapitulation of previous session, ਸੰਪੂਰਨ ਸੰਖਿਆਵਾਂ ਦੀ ਭਾਗ ਤੇ ਅਭਿਆਸ ਦਾ ਕੰਮ

8. Recapitulation of previous session, ਸੰਪੂਰਨ ਸੰਖਿਆਵਾਂ ਦੀ ਭਾਗ ਤੇ ਅਭਿਆਸ ਦਾ ਕੰਮ

9. ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ Assess ਕੀਤਾ ਜਾਵੇ ਤੇ ਉਹਨਾਂ performance ਦੇ ਅਧਾਰ ਤੇ ਉਨ੍ਹਾਂ ਦੇ ਗਰੁੱਪ ਬਣਾਏ ਜਾਣ। ਅਤੇ ਉਨ੍ਹਾਂ ਗੁਰੱਪਾਂ ਲਈ ਜੋ ਨਹੀ ਸਮਝ ਰਹੇ ਜਾਂ ਜੋ ਜਲਦੀ ਸਿੱਖ ਰਹੇ ਹਨ ਅਧਿਆਪਕ ਨੂੰ ਆਪਣੇ ਪੜਾਉਣ ਦਾ ਤਰੀਕੇ ਨੂੰ Learning material ਨੂੰ modify ਕਰਨ ਦੀ ਲੋੜ ਹੈ ਤਾਂ ਕਿ Topic ਨੂੰ ਵਿਦਿਆਰਥੀਆਂ ਵਲੋਂ ਸਮਝਿਆ ਜਾ ਸਕੇ। ਘਰ ਦਾ ਕੰਮ ਵੀ ਚੈਕ ਕਰਨਾ ਹੋਵੇਗਾ।

Section E: ਪੀਰੀਅਡ ਦੀ micro-planning ਜਾਂ periods ਦੀ minutes to minute breakup

ਨੋਟ: ਵਿਦਿਆਰਥੀਆਂ ਨੂੰ ਹਰ ਪੀਰੀਅਡ ਵਿੱਚ ਪ੍ਰਸ਼ਨ ਪੁਛੱਣ ਲਈ ਉਤਸ਼ਾਹਿਤ ਕੀਤਾ ਜਾਵੇ ਤੇ ਇਸਦੇ ਅਨੁਸਾਰ ਉਹਨਾਂ ਵਲੋਂ ਅਧਿਆਪਕ ਨੂੰ ਪ੍ਰਸ਼ਨ ਪੁੱਛੇ ਜਾਣ ਅਤੇ ਅਧਿਆਪਕ ਵੱਲੋਂ ਪ੍ਰਸ਼ਨਾਂ ਦੇ ਉਤਰ ਦਿਤੇ ਜਾਣ।

Sub Section E-1: Period 1 ਦੀ minute to minute break up

| | | | |
|---|---|---|---|
| ਅਧਿਆਪਕ ਦਾ ਸ਼ੁਰੂ ਦਾ ਵਰਤਾਵ | 5 ਮਿੰਟ | ਉਦਾਹਰਣਾ ਸਮੇਤ ਆਲੇ ਦੁਆਲੇ ਦੀਆਂ ਸੰਖਿਆਵਾਂ ਬਾਰੇ ਗੱਲ ਕਰਨੀ | ਵਿਦਿਆਰਥੀ ਉੱਤਰ ਦੇਣਗੇ। |
| ਪੂਰਨ ਗਿਆਨ ਦੁਹਰਾਈ | 10 ਮਿੰਟ | ਅਗੇਤਰ ਤੇ ਪਿਛੇਤਰ ਉਦਾਹਰਣ ਸਮੇਤ ਸੰਪੂਰਨ ਸੰਖਿਆਵਾਂ ਦੀ ਲੋੜ ਬਾਰੇ ਚਰਚਾ ਕਰਨੀ | ਅਧਿਆਪਕ ਬਲੈਕ ਬੋਰਡ ਅਤੇ ਵੱਖਰੀਆ-ਵੱਖਰੀਆ ਉਦਾਹਰਣਾ ਦੀ ਵਰਤੋ ਕਰੇਗਾ |
| ਪ੍ਰੀਭਾਸ਼ਾ | 5 ਮਿੰਟ | ਸੰਪੂਰਨ ਸੰਖਿਆਵਾਂ ਦੀ ਪ੍ਰੀਭਾਸ਼ਾ ਸੰਖਿਆ ਰੇਖਾ ਉਤੇ ਸੰਪੂਰਨ ਸੰਖਿਆਵਾਂ ਨੂੰ ਦਹਰਾਉਣਾ | ਬਲੈਕ ਦੀ ਵਰਤੋਂ ਤੇ ਪਰਿਭਾਸ਼ਾ ਨੂੰ ਬਲੈਕ ਬੋਰਡ ਉਤੇ ਲਿਖਣਾ |
| Carries options | 5 ਮਿੰਟ | ਸੰਪੂਰਨ ਸੰਖਿਆਵਾਂ ਨੂੰ ਜਾਣਨਾ ਅਤੇ ਨਾ ਜਾਣਨ ਦੇ ਲਾਭ ਅਤੇ ਨੁਕਸਾਨ ਬਾਰੇ ਚਰਚਾ ਕਰਨੀ | ਬੋਲਣ ਲਈ objects ਦੀ ਵਰਤੋ ਕਰਨੀ |
| ਰਚਨਾਤਮਕ ਤੇ ਸੋਚ ਨੂੰ ਵਧਾਉਣਾ | 10 ਮਿੰਟ | ਅਧਿਆਪਕ ਸੰਖਿਆਵਾਂ ਦੀਆਂ ਕਿਰਿਆਵਾ ਕਰੇਗਾ ਜਾ ਚਾਟ ਬਣਾਏਗਾ | Annexure GA1 ਦੀ ਵਰਤੋ |
| ਦੁਹਰਾਈ | 5 ਮਿੰਟ | ਸੰਪੂਰਨ ਸੰਖਿਆਵਾਂ ਦੀ ਪਰਿਭਾਸ਼ਾ ਦੀ ਦੁਹਰਾਈ | ਘਰ ਦੇ ਕੰਮ ਲਈ ਚਾਰਟ ਬਣਾਉਣਾ ਜੋ GA1 ਵਿਚ ਕੀਤਾ ਸੀ ।<br>Annexure GC1 ਅਤੇ Annexure GC2 ਦੀ ਵਰਤੋਂ ।<br>Annexure GC-5 ਵਾਲਾ ਘਰ ਦਾ ਕੰਮ ਦੇਣਾ |

Sub Section E-2: Period 2 ਦੀ minute to minute break up

| | | | |
|---|---|---|---|
| ਪੂਰਨ ਗਿਆਨ ਦੁਹਰਾਈ | 5 ਮਿੰਟ | ਸੰਖਿਆ ਰੇਖਾ ਉਤੇ ਸੰਪੂਰਨ ਸੰਖਿਆਵਾਂ ਦੀ ਤੁਲਨਾ | ਅਧਿਆਪਕ ਬਲੈਕ-ਬੋਰਡ ਉੱਤੇ ਵੱਖਰੀਆਂ-ਵੱਖਰੀਆਂ ਉਦਾਹਰਣਾ ਦੀ ਵਰਤੋਂ ਕਰੇਗਾ । |
| ਰਚਨਾਤਮਕ ਕਲਾ | 5 ਮਿੰਟ | ਸੰਪੂਰਨ ਸੰਖਿਆਵਾਂ ਦਾ ਜੋੜ | ਬਲੈਕ-ਬੋਰਡ ਦੀ ਵਰਤੋ |
| Topic | 15 ਮਿੰਟ | ਖੇਡ ਪੱਤਿਆ ਦੀ ਕਿਰਿਆ ਪਾਸੇ ਦੀ ਵਰਤੋ ਨਾਲ ਸੰਪੂਰਨ ਸੰਖਿਆਵਾਂ ਦਾ ਜੋੜ | ਬਲੈਕ-ਬੋਰਡ ਦੀ ਵਰਤੋ ਅਤੇ ਬਲੈਕ-ਬੋਰਡ ਉਤੇ ਸੰਖਿਆ ਰੇਖਾ |
| ਝਾਇਜ਼ਾ | 10 ਮਿੰਟ | ਅਧਿਆਪਕ ਨਤੀਜਾ ਦੇਖੇਗਾ | Annexure GA3 ਦੀ ਵਰਤੋ<br>Annexure GC3 ਦੀ ਵਰਤੋ<br>Annexure GC5 ਅਨੁਸਾਰ<br>ਘਰ ਦਾ ਕੰਮ |

Sub Section E-3: Period 3 ਦੀ minute to minute break up

| | | | |
|---|---|---|---|
| ਪੂਰਨ ਗਿਆਨ ਦੁਹਰਾਈ | 5 ਮਿੰਟ | ਸੰਪੂਰਨ ਸੰਖਿਆਵਾਂ ਦਾ ਜੋੜ | ਅਧਿਆਪਕ ਬਲੈਕ-ਬੋਰਡ ਦੀ ਵਰਤੋਂ ਤੇ ਵੱਖਰੀਆਂ ਵੱਖਰੀਆਂ ਉਦਾਹਰਣਾ ਦੀ ਵਰਤੋਂ ਕਰੇਗਾ। |
| Topic | 5 ਮਿੰਟ | ਸੰਪੂਰਨ ਸੰਖਿਆਵਾਂ ਦਾ ਘਟਾਉ | ਬਲੈਕ-ਬੋਰਡ ਦੀ ਵਰਤੋਂ ਤੇ ਸੰਖਿਆਵਾਂ ਰੇਖਾ ਦੀ ਵਰਤੋਂ |

| | | | |
|---|---|---|---|
| ਰਚਨਾਤਮਕ ਕਲਾ | 10 ਮਿੰਟ | ਸੰਖਿਆ ਰੇਖਾ ਦੀ ਵਰਤੋ ਨਾਲ ਸੰਪੂਰਨ ਸੰਖਿਆਵਾਂ ਦੀ ਘਟਾਉ | ਬਲੈਕ-ਬੋਰਡ ਦੀ ਵਰਤੋ ਤੇ ਸੰਖਿਆਵਾਂ ਰੇਖਾ ਦੀ ਵਰਤੋ<br>Annexure GA2 |
| ਆਉ ਖੇਡੀਏ/ਗਰੁੱਪ ਬਣਾਈਏ | 10 ਮਿੰਟ | ਸੰਪੂਰਨ ਸੰਖਿਆਵਾਂ ਦਾ ਜੋੜ ਤੇ ਘਟਾਉ | Annexure GA3 ਦੀ ਵਰਤੋ |
| ਕਿਰਿਆ ਜਾਇਜ਼ਾ | 10 ਮਿੰਟ | ਬਟਨ ਵਾਲੀ ਖੇਡ ਦੀ ਵਰਤੋਂ ਅਧਿਆਪਕ ਨਤੀਜਾ ਦੇਖੇਗਾ | Annexure GC3 ਦੀ ਵਰਤੋਂ ਅਤੇ Annexure GC6 ਕੰਮ ਦੇਣਾ |

Sub Section E-4: Period 4 ਦੀ minute to minute break up

| | | | |
|---|---|---|---|
| ਪੂਰਨ ਗਿਆਨ | 5 ਮਿੰਟ | ਸੰਪੂਰਨ ਸੰਖਿਆਵਾਂ ਦਾ ਘਟਾਉ | ਅਧਿਆਪਕ ਬਲੈਕ ਬੋਰਡ ਦੀ ਵਰਤੋ ਕਰੇਗਾ ਤੇ ਵੱਖਰੀਆ-2 ਉਦਾਹਰਣ ਦੀ ਵਰਤੋ ਕਰੇਗਾ |
| Topic | 5 ਮਿੰਟ | ਸੰਪੂਰਨ ਸੰਖਿਆਵਾਂ ਦਾ ਘਟਾਉ | ਬਲੈਕ-ਬੋਰਡ ਤੇ ਸੰਖਿਆ ਰੇਖਾ ਦੀ ਵਰਤੋ |
| ਰਚਨਾਤਮਕ ਕਲਾ | 15 ਮਿੰਟ | ਬਟਨ ਖੇਡ ਦੀ ਵਰਤੋ ਨਾਲ ਸੰਪੂਰਨ ਸੰਖਿਆਵਾਂ ਦਾ ਜੋੜ ਤੇ ਘਟਾਉ | Annexure GA5 ਦੀ ਵਰਤੋ |
| ਨਤੀਜਾ | 5 ਮਿੰਟ | ਘਟਾਉ ਦੇ ਨਿਯਮ | ਅਧਿਆਪਕ ਨਿਯਮਾ ਨੂੰ ਸੰਖੇਪ ਵਿਚ ਦਸੇਗਾ |
| ਪ੍ਰਸ਼ਨ ਉੱਤਰ | 10 ਮਿੰਟ | GA5 ਅਤੇ GA6 ਦੇ ਸਵਾਲ ਹੱਲ ਕਰਨੇ | GA5 ਦੀ ਵਰਤੋ ਤੇ<br>GA6 ਤੋਂ<br>ਘਰ ਦਾ ਕੰਮ ਦੇਣਾ |

Sub Section E-5: Period 5 ਦੀ minute to minute break up

| | | | |
|---|---|---|---|
| ਪੂਰਨ ਗਿਆਨ | 5 ਮਿੰਟ | ਸੰਪੂਰਨ ਸੰਖਿਆਵਾਂ ਦਾ ਜੋੜ ਤੇ ਘਟਾਉ | ਅਧਿਆਪਕ ਬਲੈਕ-ਬੋਰਡ ਦੀ ਵਰਤੋ ਕਰੇਗਾ ਤੇ ਵੱਖ-ਵੱਖਰੀਆਂ ਉਦਾਹਰਣਾ ਦੀ ਵਰਤੋਂ ਕਰੇਗਾ। |
| Topic | 15 ਮਿੰਟ | ਸੰਪੂਰਨ ਸੰਖਿਆਵਾਂ ਦੀ ਗੁਣਾ | ਬਲੈਕ-ਬੋਰਡ ਦੀ ਵਰਤੋਂ ਤੇ ਸਮੱਗਰੀ ਨੂੰ ਬੋਲਣਾ |
| ਰਚਨਾਤਮਕ | 10 ਮਿੰਟ | ਸਵਾਲਾਂ ਨੂੰ ਕਰ ਕੇ ਦੇਖਣਾ | Annexure GA2 ਦੀ ਵਰਤੋ |
| Assessment ਤੇ ਘਰ ਦਾ ਕੰ | 10 ਮਿੰਟ | ਨਤੀਜਾ ਦੇਖਣਾ ਤੇ ਘਰ ਦਾ ਕੰਮ ਦੇਣਾ | Annexure GC4 ਦੀ ਵਰਤੋ ਤੇ<br>Annexure GC7 ਤੇ ਘਰ ਦਾ ਕੰਮ |

Sub Section E-6: Period 6 ਦੀ minute to minute break up

| | | | |
|---|---|---|---|
| ਪੂਰਵ ਗਿਆਨ ਨੂੰ ਦੁਹਰਾਉਣਾ | 10 ਮਿੰਟ | ਸੰਪੂਰਨ ਸੰਖਿਆਵਾਂ ਦੀ ਗੁਣਾ | ਅਧਿਆਪਕ ਬਲੈਕ-ਬੋਰਡ ਦੀ ਵਰਤੋਂ ਅਤੇ ਵੱਖਰੀਆਂ-ਵੱਖਰੀਆਂ ਉਦਾਹਰਨਾ ਦੀ ਵਰਤੋਂ ਕਰੇਗਾ। |
| ਰਚਨਾਤਮਕ ਕਲਾ | 5 ਮਿੰਟ | ਬਟਨ ਖੇਡ ਦੀ ਵਰਤੋਂ ਨਾਲ ਸੰਪੂਰਨ ਸੰਖਿਆਵਾ ਦਾ ਜੋੜ੍ਹ ਅਤੇ ਘਟਾਉ। | Annexure GA5 ਦੀ ਵਰਤੋ |
| ਨਤੀਜਾ | 5 ਮਿੰਟ | ਸਵਾਲਾ ਨੂੰ ਕਰ ਕੇ ਦੇਖਣਾ | ਅਧਿਆਪਕ ਨਿਯਮਾਂ ਨੂੰ ਸੰਖੇਪ ਵਿੱਚ ਦਸੇਗਾ |
| ਪ੍ਰਸ਼ਨ ਉਤਰ | 10 ਮਿੰਟ | GC4 ਅਤੇ GC7 ਤੋਂ ਸਵਾਲਾ ਨੂੰ ਹੱਲ ਕਰਨਾ | GC4 ਦੀ ਵਰਤੋਂ ਅਤੇ GC7 ਘਰ ਦਾ ਕੰਮ ਦੇਣਾ। |

Sub Section E-7: Period 7 ਦੀ minute to minute break up

| | | | |
|---|---|---|---|
| ਪੂਰਵ ਗਿਆਨ ਨੂੰ ਦੁਹਰਾਉਣਾ | 10 ਮਿੰਟ | ਸੰਪੂਰਨ ਸੰਖਿਆਵਾਂ ਦੀ ਗੁਣਾ | ਅਧਿਆਪਕ ਬਲੈਕ-ਬੋਰਡ ਦੀ ਵਰਤੋਂ ਅਤੇ ਵੱਖਰੀਆਂ-2 ਉਦਾਹਰਣਾ ਦੀ ਵਰਤੋਂ ਕਰੇਗਾ। |
| Topic (ਵਿਸ਼ਾ) | 20 ਮਿੰਟ | ਸੰਪੂਰਨ ਸੰਖਿਆਵਾਂ ਦੀ ਭਾਗ | ਸਮੱਗਰੀ ਦੀ ਅਤੇ GCB ਦੀ ਵਰਤੋ |
| ਪਸ਼ਾਨ ਦਾ ਰਾਉਂਡ ਦੌਰ | 10 ਮਿੰਟ | ਉਪਰ ਪੁੱਛੇ ਪ੍ਰਸ਼ਨਾਂ ਤੋਂ ਇਲਾਵਾ ਵਿਦਿਆਰਥੀਆਂ ਤੋ ਹੋਰ ਪ੍ਰਸ਼ਨ ਪੁੱਛਣੇ | ਘਰ ਦੇ ਕੰਮ ਲਈ ਇਸ ਅਧਿਆਇ ਦਾ ਟੈਸਟ ਦੇਣਾ । |
| | | | |

Sub Section E-8: Period 8 ਦੀ minute to minute break up

| | | | |
|---|---|---|---|
| ਪੂਰਵ ਗਿਆਨ ਨੂੰ ਦੁਹਰਾਉਣਾ | 10 ਮਿੰਟ | ਸੰਪੂਰਨ ਸੰਖਿਆਵਾਂ ਦੀ ਭਾਗ | ਅਧਿਆਪਕ ਬਲੈਕ-ਬੋਰਡ ਦੀ ਵਰਤੋਂ ਅਤੇ ਵੱਖਰੀਆ-2 ਉਦਾਹਰਨਾ ਦੀ ਵਰਤੋ ਕਰੇਗਾ। |
| Topic (ਵਿਸ਼ਾ) | 20 ਮਿੰਟ | ਸੰਪੂਰਨ ਸੰਖਿਆਵਾਂ ਦੀ ਭਾਗ ਅਤੇ ਪ੍ਰਸ਼ਨਾ ਨੂੰ ਕਰ ਕੇ ਵੇਖਣਾ | ਸਮੱਗਰੀ ਦੀ ਅਤੇ GC8 ਦੀ ਵਰਤੋ। |
| ਪਸ਼ਾਨ ਦਾ ਰਾਉਂਡ ਦੌਰ | 10 ਮਿੰਟ | ਉੱਪਰ ਪੁੱਛੇ ਪ੍ਰਸ਼ਨਾ ਤੋਂ ਇਲਾਵਾ ਵਿਦਿਆਰਥੀਆਂ ਤੋਂ ਹੋਰ ਪ੍ਰਸ਼ਨ ਪੁੱਛਣੇ | ਘਰ ਦੇ ਕੰਮ ਲਈ ਇਸ ਅਧਿਆਇ ਦਾ ਟੈਸਟ ਦੇਣਾ |
| | | | |

Sub Section E-8: Period 9 ਦੀ minute to minute break up

| | | | |
|---|---|---|---|
| ਟੈਸਟ ਦਾ ਸਮਾਂ | 25 ਮਿੰਟ | ਅਧਿਆਪਕ ਇਸ ਅਧਿਆਇ ਲਈ ਕੱਚਾ ਟੈਸਟ ਰੱਖੇਗਾ | GC8 ਦੀ ਵਰਤੋ |
| ਨਿਰਦਾਰਨ | 15 ਮਿੰਟ | ਅਧਿਆਪਕ ਵਿਦਿਆਰਥੀਆ ਦਾ ਜਾਇਜਾ ਦੇਖੇਗਾ ਅਤੇ ਉਹਨਾਂ ਦੀ ਕਾਰ ਗੁਜਾਰੀ ਨੂੰ ਦੇਖ ਕੇ ਉਨ੍ਹਾਂ ਦੇ ਗਰੁੱਪ ਬਣਾਵੇਗਾ ਅਤੇ ਉਹਨਾਂ ਗਰੁੱਪਾਂ ਲਈ ਜੋ ਨਹੀ ਸਮਝ ਰਹੇ ਜਾਂ ਜੋ ਜਲਦੀ ਸਿੱਖ ਰਹੇ ਹਨ ਅਧਿਆਪਕ ਆਪਣੇ ਪੜ੍ਹਾਉਣ ਦਾ ਤਰੀਕਾ ਨੂੰ learning material ਨੂੰ modify ਕਰਨ ਦੀ ਲੋੜ।ਚੰਗੇ ਵਿਦਿਆਰਥੀਆ ਨੂੰ ਗੁਰੱਪ ਵਿਚ ਬਠਾਇਆ ਜਾਵੇ ਅਤੇ ਪੀਰੀਅਡ ਪੰਜ ਵਿਚ ਬੁਝਾਰਤਾਂ ਵਾਲੇ ਸਵਾਲ ਹੱਲ ਕਰਵਾਏ ਜਾਣ ਅਤੇ ਵਿਦਿਆਰਥੀਆਂ ਦੇ ਘਰ ਦਾ ਕੰਮ ਚੈਕ ਕੀਤਾ ਜਾਵੇ। | |

Section- F

ਸਮਗੱਰੀ

ਸੰਖਿਆ ਰੇਖਾ : ਇਕ ਰੇਖਾ ਖਿਚੋ । ਇਸ ਉਤੇ ਇੱਕ ਬਿੰਦੂ ਲਗਾਉ। ਇਸ ਨੂੰ 0 ਲਿਖੋ 0 ਦ ਸੱਜੇ ਪਾਸੇ ਦੂਸਰਾ ਬਿੰਦੂ ਲਗਾਉ। ਉਸਨੂੰ 1 ਲਿਖੋ। 0 ਅਤੇ ਇੱਕ ਦੀ ਦੂਰੀ ਨੂੰ ਇਕਾਈ ਦੂਰੀ ਕਿਹਾ ਜਾਂਦਾ ਹੈ। ਇਸ ਰੇਖਾ ਤੇ 1 ਦੇ ਸੱਜੇ ਪਾਸੇ ਇੱਕ ਬਿੰਦੂ ਲਗਾਉ। ਅਤੇ 1 ਤੋ ਇਕਾਈ ਦੂਰੀ ਤੇ ਬਿੰਦੂ ਨੂੰ 2 ਲਿਖੋ। ਇਸ ਤਰ੍ਹਾਂ ਇਕਾਈ ਦੂਰੀਆ ਤੇ 3,4,5 ….. ਬਿੰਦੂ ਲਿਖ ਕੇ ਜਾਉ। ਇਸ ਤਰੀਕੇ ਨਾਲ ਤੁਸੀ ਸੱਜੇ ਪਾਸੇ ਵੱਲ ਕਿਸੇ ਵੀ ਪੂਰਨ ਸੰਖਿਆ ਤੇ ਪਹੁੰਚ ਸਕਦੇ ਹੋ ਇਹ ਪੂਰਨ ਸੰਖਿਆ ਲਈ ਸੰਖਿਆ ਰੇਖਾ ਹੈ।

ਸੰਪੂਰਨ ਸੰਖਿਆ ਦੀ ਜਾਣ ਪਛਾਣ : ਰੋਨਾਲਡ ਇਕ ਪੈਨ ਲੈਣ ਲਈ ਬਾਜਾਰ ਗਿਆ। ਉਸ ਦੇ ਕੋਲ 12 ਰੁ: ਹਨ। ਪਰ ਪੈਨ 15 ਰੁ: ਦਾ ਹੈ। ਦੁਕਾਨਦਾਰ ਨੇ ਉਸ ਦੇ ਖਾਤੇ ਤੋਂ ਤਿੰਨ ਰੁ: ਲੈਣ ਲਈ ਲਿਖ ਲੈਂਦਾ ਹੈ। ਉਹ ਰੋਨਾਲਡ ਤੋ ਪੈਸੇ ਲੈਣੇ ਯਾਦ ਰਖਣ ਲਈ ਤਿੰਨ ਰੁ: ਆਪਣੀ ਡਾਇਰੀ ਵਿੱਚ ਲਿਖ ਲੈਂਦਾ ਹੈ। ਪਰ ਉਸ ਨੂੰ ਕਿਵੇਂ ਯਾਦ ਰਹੇਗਾ ਕਿ ਰੋਨਾਲਡ ਤੋਂ ਤਿੰਨ ਰੁ: ਲੈਣੇ ਹਨ ਜਾਂ ਦੇਣੇ ਹਨ ਕੀ ਉਹ ਇਹ ਲੈਣ ਵਾਲੇ ਪੈਸਿਆਂ ਨੂੰ ਕਿਸੇ ਚਿੰਨ ਜਾਂ ਤਿੰਨ ਨਾਲ ਦਰਸਾ ਸਕਦਾ ਹੈ।

ਕਿਸੇ ਚਿੰਨ ਨਾਲ ਮੈਨੂੰ TAG ਕਰੋ: ਅਸੀ ਦੇਖਦੇ ਹਾਂ ਕਿ ਕੁੱਝ ਸੰਖਿਆਵਾ ਨਾਲ ਘਟਾਉ ਦਾ ਚਿੰਨ ਹੁੰਦਾ ਹੈ ਉਦਾਹਰਨ ਲਈ ਜੇ ਅਸੀ ਰੋਨਾਲਡ ਦੇ ਦੁਕਾਨਦਾਰ ਨੂੰ ਦੇਣ ਵਾਲੇ ਪੈਸਿਆ ਨੂੰ ਦੇਖਣਾ ਹੋਵੇ ਤਾਂ ਅਸੀ ਇਸ ਨੂੰ -3 ਲਿਖਾਂਗੇ।

ਸਮੁੰਦਰੀ ਤਲ ਤੋਂ ਕਿਸੇ ਜਗਾ ਦੀ ਉਚਾਈ ਨੂੰ ਧਨਾਤਮਕ ਸੰਖਿਆਵਾਂ ਨਾਲ ਲਿਖਿਆ ਜਾਂਦਾ ਹੈ। ਜਿਵੇਂ -2 ਅਸੀ ਹੇਠਾਂ ਵੱਲ ਜਾਂਦੇ ਹਾਂ ਉਚਾਈ ਘੱਟਦੀ ਜਾਂਦੀ ਹੈ ।ਇਸ ਤਰ੍ਹਾਂ ਸਮੁੰਦਰੀ ਤੋਂ ਹੇਠਾਂ ਅਸੀ ਉਚਾਈ ਨੂੰ ਰਿਣਾਤਮਕ ਸੰਖਿਆਵਾਂ ਨਾਲ ਲਿਖਦੇ ਹਾਂ । ਜੇ ਕਮਾਈਆ ਨੂੰ (+) ਚਿੰਨ ਨਾਲ ਦਰਸਾਇਆ ਜਾਂਦਾ ਹੈ ਤਾਂ ਖਰਚਿਆ ਨੂੰ (-) ਚਿੰਨ ਨਾਲ ਦਰਸਾਇਆ ਜਾ ਸਕਦਾ ਹੈ ਇਸੇ ਤਰ੍ਹਾਂ $0^{\circ}C$ ਤੋਂ ਉਪਰ ਦੇ ਤਾਪਮਾਨ ਨੂੰ (+) ਚਿੰਨ ਨਾਲ ਅਤੇ $0^{\circ}C$ ਦੇ ਹੇਠਾਂ ਦੇ ਤਾਪਮਾਨ ਨੂੰ (-) ਚਿੰਨ ਨਾਲ ਦਰਸਾਇਆ ਜਾਂਦਾ ਹੈ। ਉਦਾਹਰਨ ਲਈ ਜੇਕਰ ਕਿਸੇ ਜਗ੍ਹਾ ਦਾ ਤਾਪਮਾਨ $0^{\circ}C$ ਸੈਲਸੀਅਸ ਤੋਂ $10^{\circ}$ ਘੱਟ ਹੋਵੇ ਤਾਂ ਇਸ ਨੂੰ $-10\,^{\circ}C$ ਲਿਖਿਆ ਜਾਂਦਾ ਹੈ। ਹੇਠਾਂ ਦਿੱਤੀਆਂ ਸੰਖਿਆਵਾ ਨੂੰ ਉਹਨਾਂ ਦੇ ਚਿੰਨ ਨੂੰ ਉਹਨਾਂ ਦੇ ਚਿੰਨ ਅਨੁਸਾਰ ਲਿਖੋ।

A. ਸਮੁੰਦਰੀ ਤਲ ਤੋਂ 100 ਮੀਟਰ ਹੇਠਾ।

B. $0^{\circ}C$ ਤਾਪਮਾਨ ਤੋਂ $25^{\circ}C$ ਤਾਪਮਾਨ ਉਤੇ

C. $0^{\circ}C$ ਤਾਪਮਾਨ ਤੋਂ $15^{\circ}C$ ਤਾਪਮਾਨ ਉਤੇ

D. 0 ਤੋਂ ਘੱਟ ਕੋਈ ਪੰਜ ਸੰਖਿਆਵਾਂ

ਸੰਪੂਰਨ ਸੰਖਿਆਵਾ: ਸਭ ਤੋਂ ਪਹਿਲਾ ਪ੍ਰਾਕ੍ਰਿਤਿਕ ਸੰਖਿਆਵਾਂ ਜਿਵੇਂ ਕਿ 1,2,3,4...... ਦੀ ਖੋਜ ਹੋਈ ਜੇ ਅਸੀ ਪ੍ਰਕਿਰਿਤਕ ਸੰਖਿਆਵਾਂ ਦੇ ਇਕੱਠੇ ਵਿੱਚ 0 ਨੂੰ ਵੀ ਗਿਣਈਐ ਤਾਂ ਸਾਡੇ ਕੋਲ ਸੰਖਿਆਵਾਂ ਦਾ ਇਕ ਨਵਾ ਇੱਕਠ ਹੋਵੇਗਾ ਜਿਸ ਨੂੰ ਪੂਰਨ ਸੰਖਿਆਵਾਂ ਕਹਿੰਦੇ ਹਨ। ਜਿਵੇਂ ਕਿ 0,1,2,3,4.... ਤੁਸੀ ਇਹ ਸੰਖਿਆਵਾਂ ਪਿਛਲੇ ਅਧਿਆਇ ਵਿੱਚ ਪੜ੍ਹ ਚੁਕੇ ਹੋ। ਹੁਣ ਅਸੀ ਦੇਖਾਂਗੇ ਕੀ ਇਥੇ ਰਿਣਾਤਮਕ ਸੰਖਿਆਵਾਂ ਵੀ ਹੁੰਦੀਆਂ ਹਨ। ਜੇ ਅਸੀ ਪੂਰਨ ਸੰਖਿਆਵਾਂ ਅਤੇ ਰਿਣਾਤਮਕ ਸੰਖਿਆਵਾਂ ਦੇ ਇੱਕਠ ਨੂੰ ਕੱਠਾ ਰੱਖੀਏ ਤਾਂ ਸਦਾ ਇੱਕ ਨਵਾ ਇੱਕਠ ਦੇਖਣ ਨੂੰ ਮਿਲਦਾ ਹੈ।

ਜਿਵੇਂ ਕਿ 0,1,2,3,4,5........... -1,-2,-3,-4,-5...... ਅਤੇ ਇਸ ਸੰਖਿਆਵਾਂ ਦੀ ਇਕੱਠ ਨੂੰ ਸੰਪੂਰਨ ਸੰਖਿਆਵਾਂ ਕਿਹਾ ਜਾਂਦਾ ਹੈ। ਇਸ ਇਕੱਠ ਵਿੱਚ 1,2,3......... ਨੂੰ ਧਨਾਤਮਕ ਸੰਖਿਆਵਾਂ ਅਤੇ -1,-2,-3 ਨੂੰ ਰਿਣਾਤਮਕ ਸੰਪੂਰਨ ਸੰਖਿਆਵਾਂ ਕਿਹਾ ਜਾਂਦਾ ਹੈ।




ਸੰਖਿਆ ਰੇਖਾ: ਇੱਕ ਰੇਖਾ ਖਿੱਚੋ ਇਸ ਉਤੇ ਸਮਾਨ ਦੂਰੀ ਤੇ ਚਿੱਤਰ ਵਿਚ ਦਿਖਾਏ ਅਨੁਸਾਰ ਬਿੰਦੂ ਲਿਖੋ। ਇਸ ਉਤੇ ਇੱਕ ਬਿੰਦੂ ਨੂੰ 0 ਲਿਖੋ। 0 ਦੇ ਸੱਜੇ ਪਾਸੇ ਦੇ ਬਿੰਦੂਆ ਨੂੰ ਧਨਾਤਮਕ ਸੰਪੂਰਨ ਸੰਖਿਆਵਾਂ ਨਾਲ ਲਿਖੋ ਅਤੇ +1,+2,+3...... ਜਾ ਸਧਾਰਨ ਤੌਰ ਤੇ 1,2,3 ਲਿਖੋ 0 ਤੇ ਖੱਬੇ ਪਾਸੇ ਦੇ ਬਿੰਦੂਆਂ ਨੂੰ ਰਿਣਾਤਮਕ ਸੰਪੂਰਨ ਸੰਖਿਆਵਾਂ ਨਾਲ ਲਿਖੋ ਅਤੇ -1,-2,-3 ਆਦਿ ਲਿਖੋ ।

ਰਿਣਾਤਮਕ ਸੰਖਿਆਵਾਂ ਨੂੰ ਹਮੇਸ਼ਾ ਘਟਾਓ (-) ਚਿੰਨ ਨਾਲ ਦਰਸਾਇਆ ਜਾਂਦਾ ਹੈ। ਧਨਾਤਮਕ ਸੰ: ਨੂੰ (+) ਚਿੰਨ ਨਾਲ ਦਰਸਾਉਣ ਦੀ ਲੋੜ ਨਹੀ ਹੁੰਦੀ ਹੈ। ਯਾਦ ਰਖੋ ਸੰਪੂਰਨ ਸੰਖਿਆਵਾਂ ਨੂੰ ਸੰਖਿਆ ਰੇਖਾ ਉਤੇ ਛੋਟੀਆ SeeShell ਨਾਲ ਦਰਸਾਇਆ ਜਾਂਦਾ ਹੈ। ਅਤੇ ਪਰਿਮੇਯ ਜਾ ਦਸ਼ਮਲਵ ਸੰਖਿਆਵਾਂ ਨੂੰ SeeShell ਸੰਖਿਆਵਾਂ ਦੇ ਵਿਚਕਾਰ ਨਹੀ ਲਿਖਿਆ ਜਾਂਦਾ ਹੈ।

ਸੰਪੂਰਨ ਸੰਖਿਆਵਾਂ ਦੀ ਤੁਲਨਾ ਅਤੇ ਕ੍ਰਮ: ਸੰਪੂਰਨ ਸੰਖਿਆਵਾਂ ਦਾ ਸਮੂਹ, ਪ੍ਰਾਕ੍ਰਿਤਿਕ ਸੰਖਿਆਵਾਂ ਉਨ੍ਹਾਂ ਦਾ ਉਲਟਾ ਅਤੇ 0 ਦੀ ਗਿਣਤੀ ਦਾ ਇੱਕਠ ਹੈ।

0 ਤੋਂ ਸ਼ੁਰੂ ਕਰਕੇ ਸੰਖਿਆ ਸੱਜੇ ਪਾਸੇ ਵੱਲ ਸੰਖਿਆ ਦਾ ਮੁੱਲ ਵੱਧਦਾ ਹੈ (0,1,2,3)…..ਅਤੇ ਖੱਬੇ ਪਾਸੇ ਵੱਲ ਸੰਖਿਆਵਾਂ ਦਾ ਮੁੱਲ ਘੱਟਦਾ ਹੈ ( ….. , -3, -2, -1,-0)

ਜਦੋਂ ਅਸੀ ਸੰਖਿਆਵਾਂ ਦੀ ਤੁਲਨਾ ਕਰਦੇ ਹਾਂ ਤਾਂ ਸੰਖਿਆ ਰੇਖਾ ਉਤੇ ਉਨ੍ਹਾਂ ਦਾ ਕ੍ਰਮ ਦਰਸਾਉਂਦਾ ਹੈ ਕਿ ਉਹ ਦੂਸਰੀ ਸੰਖਿਆ ਤੋਂ ਵੱਡੀ ਜਾਂ ਛੋਟੀ ਹੈ।

ਜੇ ਇੱਕ ਸੰਖਿਆ ਰੇਖਾ ਉਤੇ ਦੂਸਰੀ ਸੰਖਿਆ ਦੇ ਖੱਬੇ ਪਾਸੇ ਹੈ ਤਾਂ ਇਹ ਦੂਸਰੀ ਸੰਖਿਆ ਤੋਂ ਘੱਟ ਹੈ ਜੇ ਇਹ ਸੱਜੇ ਪਾਸੇ ਵੱਲ ਹੈ ਤਾਂ ਇਹ ਵੱਡੀ ਹੈ।

ਸੰਖਿਆ : ਸੰਖਿਆ ਰੇਖਾ ਉਤੇ ਸੰਖਿਆਵਾਂ ਦੇ ਰੂਪ ਤੇ ਅਥਾਰਤ ਲਾਭਦਾਇਕ ਸੂਚਨਾ ।

A. ਹਰੇਕ ਧਨਾਤਮਕ ਸੰਪੂਰ ਸੰਖਿਆਵਾਂ ਰਿਣਾਤਮਕ ਸੰਪੂਰਨ ਸੰਖਿਆਵਾਂ ਤੋਂ ਵੱਡੀ ਹੁੰਦੀ ਹੈ।

B. ਸਿਫਰ , ਹਰੇਕ ਧਨਾਤਮਕ ਸੰਪੂਰਨ ਸੰਖਿਆਵਾਂ ਤੋਂ ਘੱਟ ਹੁੰਦੀ ਹੈ।

C. ਸਿਫਰ, ਹਰੇਕ ਰਿਣਾਤਮਕ ਸੰਪੂਰਨ ਸੰਖਿਆਵਾਂ ਤੋਂ ਵੱਡੀ ਹੁੰਦੀ ਹੈ।

D. ਸਿਫਰ ਨਾ ਤਾ ਰਿਣਾਤਮਕ ਹੈ ਅਤੇ ਨਾ ਤਾ ਧਨਾਤਮਕ ਸੰਖਿਆ ਹੈ।

E. ਸੰਖਿਆ 0 ਤੋਂ ਸੱਜੇ ਪਾਸੇ ਵੱਲ ਜਿਨੀ ਦੂਰ ਹੋਵੇਗੀ ਇਸ ਦਾ ਮੁੱਲ ਉਨ੍ਹਾ ਹੀ ਜਾਂਦਾ ਹੋਵੇਗਾ।

F. ਸੰਖਿਆ ਸਿਫਰ ਤੋਂ ਖੱਬੇ ਪਾਸੇ ਵੱਲ ਜਿੰਨੀ ਦੂਰ ਹੋਵੇਗੀ ਇਸ ਦਾ ਮੁੱਲ ਉਨਾ ਹੀ ਘੱਟ ਹੋਵੇਗਾ।

ਉਦਾਹਰਨ : ਜੇ ਘੱਟ ਵਾਲਾ score ਜਿੱਤਦਾ ਹੈ, Order the following golf scores from best to worst tiger Madera-4, Jack Nickless+1, Nick cost -2 Freddy Pairs -5, John weekly +3

ਉਤਰ : -5,-4,-2,+1,+3

ਨਿਰਪੇਖ ਮੁੱਲ: 1 ਸੰਖਿਆ ਰੇਖਾ ਉਤੇ 0 ਤੋਂ ਉਸ ਸੰਖਿਆ ਦੀ ਦੂਰੀ ਹੈ। ਅਸੀ 11 ਨੂੰ ਨਿਰਪੇਖ ਮੁੱਲ ਦਰਸਾਉਣ ਲਈ ਵਰਤਦੇ ਹਾਂ। ਨਿਰਪੇਖ ਮੁੱਖ ਸੰਖਿਆ ਰੇਖਾ ਉਤੇ ਉਸ ਸੰਖਿਆ ਦੀ ਸਿਫਰ ਤੋਂ ਦੂਰੀ ਨੂੰ ਦਰਸਾਉਂਦਾ ਹੈ, ਬਿਨਾ ਇਹ ਦੇਖੇ ਕਿ ਸੰਖਿਆ 0 ਦੇ ਕਿਹੜੀ ਦਿਸ਼ਾ ਵਿੱਚ ਸਥਿਤ ਹੈ।

5 ਦਾ ਨਿਰਪੇਖ ਮੁੱਲ 5 ਹੈ।




ਦੂਰੀ 0 ਤੋਂ 5 ਇਕਾਈਆਂ

–5 ਦਾ ਨਿਰਪੇਖ ਮੁੱਲ 5 ਹੈ।




ਦੂਰੀ , 0 ਤੋਂ =5 ਇਕਾਈਆਂ

ਸਿਫਰ ਦਾ ਨਿਰਪੇਖ ਮੁੱਲ 0 ਹੈ।(ਇਸ ਲਈ ਅਸੀ ਨਹੀ ਕਹਿ ਸਕਦੇ ਕਿ ਸੰਖਿਆ ਦਾ ਨਿਰਪੇਖ ਮੁੱਲ ਧਨਾਤਮਕ ਹੈ। ਸਿਫਰ ਨਾ ਤਾਂ ਧਨਾਤਮਕ ਹੁੰਦੀ ਹੈ ,ਨਾ ਜੀ ਰਿਣਾਤਮਕ ।)

ਨਿਰਪੇਖ ਮੁੱਲ ਦਾ ਚਿੰਨ੍ਹ ਦੋ ਸਿੱਧੀਆਂ ਰੇਖਾਵਾਂ ਹਨ ਜੋ ਸੰਖਿਆ ਦੁ ਆਲੇ-ਦੁਆਲੇ ਹੁੰਦੀਆਂ ਹਨ ।

ਜਾਂ

।-n।=।n।=n; ਜਦੋਂ n ਇੱਕ ਸੰਪੂਰਨ ਸੰਖਿਆ ਹੈ।

|-n| = |n| =n; where n is an integer.




<u>ਸੰਪੂਰਨ ਸੰਖਿਆਵਾਂ ਦਾ ਜੋੜ:</u>

<u>Addition of integers</u>




ਸੰਪੂਰਨ ਸੰਖਿਆਵਾਂ ਦੇ ਜੋੜ ਅਤੇ ਘਟਾਓ ਲਈ ਸੰਖਿਆ ਰੇਖਾ ਦੀ ਵਰਤੋਂ ਕਰਨੀ ਲਾਭਦਾਇਕ ਹੈ। ਹੇਠਾਂ ਨਿਯਮਾਂ ਨੂੰ ਯਾਦ ਰੱਖੋ ਕਿ ਇਹ ਕਿਵੇਂ ਹੁੰਦਾ ਹੈ।

ਸੰਪੂਰਨ ਸੰਖਿਆਵਾਂ ਦੇ ਜੋੜ ਲਈ ਸੰਖਿਆ ਰੇਖਾ ਬਾਰੇ ਸੋਚੋ!

. ਪਹਿਲੀ ਸੰਖਿਆ ਸਾਨੂੰ ਦਸੇਗੀ ਕਿ ਕਿਥੋਂ ਸ਼ੁਰੂ ਕਰਨਾ ਹੈ।

. ਦੂਸਰੀ ਸੰਖਿਆ ਸਾਨੂੰ ਦਸੇਗੀ ਕਿ ਸ਼ੁਰੂ ਦੇ ਬਿੰਦੂ ਤੋਂ ਤੁਸੀਂ ਕਿਸ ਦਿਸ਼ਾ ਵੱਲ ਜਾਣਾ ਹੈ।ਜੇਕਰ ਦੂਸਰੀ ਸੰਖਿਆ ਰਿਣਾਤਮਕ ਹੈ ਤਾਂ ਤੁਸੀ ਖੱਬੇ ਵੱਲ ਜਾਓ।ਜੇਕਰ ਦੂਸਰੀ ਸੰਖਿਆ ਧਨਾਤਮਕ ਹੈ ਤਾਂ ਤੁਸੀ ਸੱਜੇ ਵੱਲ ਜਾਓ।

ਉਦਾਹਰਣ ਦੇ ਵਿੱਚ -5+3= , ਸੰਖਿਆ ਰੇਖਾ ਦੇ -5 ਤੋਂ ਸ਼ੁਰੂ ਹੋ ਕੇ 3 ਧਨਾਤਮਕ ਹੈ,ਇਸ ਲਈ ਤਿੰਨ ਥਾਵਾਂ ਛੱਡ ਕੇ ਸੱਜੇ ਵੱਲ ਜਾਓ।

ਜਦਕਿ (-5)+3=(-2) ਹੈ।

In the example -5 + 3 = , start on the number line at -5and since 3 is positive, move to the right 3 spaces!




ਇਕ ਹੋਰ ਉਦਾਹਰਣ ਨਾਲ ਕੋਸ਼ਿਸ਼ ਕਰਦੇ ਹਾਂ ਜਿਸ ਦੀ ਦੂਸਰੀ ਸੰਖਿਆ ਰਿਣਾਤਮਕ ਹੈ ।ਉਦਾਹਰਣ ਦੇ ਵਿੱਚ -4+(-2)= , ਸੰਖਿਆ ਰੇਖਾ ਦੇ -4 ਤੋਂ ਸ਼ੁਰੂ ਹੋ ਕੇ -2 ਰਿਣਾਤਮਕ ਹੈ,ਇਸ ਲਈ ਦੋ ਸਥਾਨ ਛੱਡ ਕੇ ਖੱਬੇ ਵੱਲ ਜਾਓ।

ਜਦਕਿ (-4)+(-2)=(-6) ਹੈ।




(-4) + (-2) = (-6)

Fun Fact => ਜਦੋ ਇੱਕ ਧਨਾਤਮਕ ਸੰਪੂਰਨ ਸੰਖਿਆ ਨੂੰ ਸੰਪੂਰਨ ਸੰਖਿਆ ਵਿੱਚ ਜੋੜਦੇ ਹਾਂ ਤਾਂ ਪ੍ਰਾਪਤ ਸੰਪੂਰਨ ਸੰਖਿਆ ਦਿੱਤੀ ਹੋਈ ਸੰਪੂਰਨ ਸੰਖਿਆ ਤੋਂ ਵੱਡੀ ਹੁੰਦੀ ਹੈ। ਜਦੋ ਇੱਕ ਰਿਣਾਤਮਕ ਸੰਪੂਰਨ ਸੰਖਿਆ ਨੂੰ ਸੰਪੂਰਨ ਸੰਖਿਆ ਵਿੱਚ ਜੋੜਦੇ ਹਾਂ ਤਾਂ ਪ੍ਰਾਪਤ ਸੰਪੂਰਨ ਸੰਖਿਆ ਦਿੱਤੀ ਹੋਈ ਸੰਪੂਰਨ ਸੰਖਿਆ ਤੋ ਛੋਟੀ ਹੁੰਦੀ ਹੈ ।

ਸੰਖਿਆ ਰੇਖਾ ਦਾ ਪ੍ਰਯੋਗ ਕਰਦੇ ਹੋਏ ਸੰਪੂਰਨ ਸੰਖਿਆ ਦਾ ਘਟਾਓ ਕਰਨਾ।

ਯਾਦ ਰੱਖੋ ਜੋੜ ਅਤੇ ਘਟਾਓ ਦੋ ਵੱਖ-ਵੱਖ ਵਿਧੀਆਂ ਹਨ ।ਸੰਪੂਰਨ ਸੰਖਿਆਵਾਂ ਦਾ ਘਟਾਓ ਕਰਨ ਲਈ ਦੂਜੀ ਸੰਖਿਆ ਦੇ ਵਿਰੋਧੀ ਨੰਬਰ ਦਾ ਜੋੜ ਕਰੋ।

ਚਲੋ ਪਹਿਲਾਂ ਦੇਖਦੇ ਹਾਂ ਕਿ ਵਿਰੋਧੀ ਜਾਂ ਉਲਟ ਕੀ ਹੈ :-

ਵਿਰੋਧੀ ਸੰਖਿਆ:-

ਵਿਰੋਧੀ ਸੰਖਿਆ ਉਹ ਸੰਖਿਆ ਹੈ ਜੋ ਸੰਖਿਆ ਰੇਖਾ ਉੱਤੇ 0 ਤੋਂ ਦੂਸਰੇ ਪਾਸੇ ਹੈ ।

-a ਦਾ ਵਿਰੋਧੀ a ਹੈ ਅਤੇ a ਦਾ ਵਿਰੋਧੀ -a ਹੈ ।




ਇਸ ਲਈ ਸੰਪੂਰਨ ਸੰਖਿਆਵਾਂ ਦੇ ਘਟਾਓ ਕਰਨ ਲਈ ਦੂਸਰੀ ਸੰਖਿਆ ਦੇ ਵਿਰੋਧੀ ਅੰਕ ਦਾ ਜੌੜ ਕਰੋ।

(+) − (+) = (+) + (−)
(+) − (−) = (+) + (+)
(−) − (+) = (−) + (−)
(−) − (−) = (−) + (+)

. ਪਹਿਲੀ ਸੰਖਿਆ ਦਸੇਗੀ ਕਿ ਕਿਥੋ ਸ਼ੁਰੂ ਕਰਨਾ ਹੈ ।

. ਘਟਾਓ ਦੇ ਨਿਸ਼ਾਨ ਨੂੰ ਜੋੜ ਵਿੱਚ ਬਦਲੋ ਅਤੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਦੂਸਰੀ ਸੰਖਿਆ ਦਾ ਵਿਰੋਧੀ ਕੀ ਹੈ।

. ਇਸ ਤਰ੍ਹਾਂ ਅਸੀ ਸੰਪੂਰਨ ਸੰਖਿਆਵਾਂ ਦਾ ਜੋੜ ਪਤਾ ਕਰ ਸਕਦੇ ਹਾਂ (ਦੂਸਰੀ ਸੰਖਿਆਂ ਸਾਨੂੰ ਦਸੇਗੀ ਕਿ ਸ਼ੁਰੂ ਦੇ ਬਿੰਦੂ ਤੋਂ ਕਿਸ ਦਿਸ਼ਾ ਵੱਲ ਜਾਣਾ ਹੈ ।ਜੇਕਰ ਦੂਸਰੀ ਸੰਖਿਆ ਰਿਣਾਤਮਕ ਹੈ ਤਾਂ ਖੱਬੇ ਪਾਸੇ ਵੱਲ ਜਾਓ ਅਤੇ ਜੇਕਰ ਦੂਸਰੀ ਸੰਖਿਆ ਧਨਾਤਮਕ ਹੈ ਤਾਂ ਸੱਜੇ ਪਾਸੇ ਵੱਲ ਜਾਓ ।)

ਆਓ ਕੁਝ ਉਦਾਹਰਣਾਂ ਰਾਹੀਂ ਸਮਝੀਏ:-

6 - 4 = 2




6 + (-4) = 2




ਇੱਕ ਹੋਰ ਉਦਾਹਰਣ (ਰਿਣਾਤਮਕ ਸੰਖਿਅਵਾਂ ਦਾ ਘਟਾਓ ਉਸੇ ਤਰ੍ਹਾਂ ਹੈ ਜਿਸ ਤਰਾਂ ਅਸੀ ਧਨਾਤਮਕ ਸੰਖਿਅਵਾਂ ਦਾ ਜੋੜ ਕਰਦੇ ਹਾਂ।)

(-4) - (-2) =

(-4) + 2 = (-2)




ਸਿੱਟਾ:-

<u>ਸੰਪੂਰਨ ਸੰਖਿਆਵਾਂ ਦਾ ਜੋੜ</u>

ਜਦੋ ਸੰਪੂਰਨ ਸੰਖਿਆਵਾਂ ਦੇ ਚਿੰਨ੍ਹ ਇਕੋ ਜਿਹੇ ਹੋਣ ਤਾਂ ਉਹਨਾਂ ਦਾ ਜੋੜ ਕੀਤਾ ਜਾਂਦਾ ਹੈ ।ਇਸ ਜੋੜ ਦਾ ਚਿੰਨ੍ਹ ਉਹੀ ਹੋਵੇਗਾ ਜੋ ਸੰਪੂਰਨ ਸੰਖਿਆਵਾਂ ਦਾ ਹੈ।

$^{+}7 + {}^{+}8 = {}^{+}15$ $\quad$ $^{-}9 + {}^{-}4 = {}^{-}13$

ਝਦੋ ਸੰਪੂਰਨ ਸੰਖਿਆਵਾਂ ਦੇ ਚਿੰਨ੍ਹ ਵੱਖ ਹੋਣ ਤਾਂ ਦੋਵਾਂ ਸੰਖਿਆਵਾਂ ਦਾ ਅੰਤਰ ਪਤਾ ਕਰੋ। ਪ੍ਰਾਪਤ ਸੰਖਿਆ ਦਾ ਚਿੰਨ੍ਹ ਉਹੀ ਹੋਏਗਾ ਜੋ ਦਿੱਤੀਆ ਦੋ ਸੰਪੂਰਨ ਸੰਖਿਆਵਾਂ ਵਿੱਚੋਂ ਵੱਡੀ ਸੰਖਿਆ ਦਾ ਹੈ।

$^{+}8 + {}^{-}5 = {}^{+}3$ $^{+}4 + {}^{-}9 = {}^{-}5$

Fun fact :

ਇਕ ਹੋਰ ਵਿਸ਼ਲੇਸ਼ਣ ਹੈ ਜੋ ਕਿ ਮੈ ਹੁਣੇ ਵੇਖਿਆ ਹੈ ਚਲੋ ਅਸੀ ' ਚੰਗੇ' ਨੂੰ 'ਧਨਾਤਮਕ' ਅਤੇ 'ਮਾੜੇ' ਨੂੰ 'ਰਿਣਾਤਮਕ' ਮੰਨੀਏ। ਤੁਸੀ ਕਹਿ ਸਕਦੇ ਹੋ

ਚੰਗੇ ਲੋਕਾਂ ਨਾਲ ਚੰਗੀਆਂ ਗੱਲਾਂ ਵਾਪਰਦੀਆਂ ਹਨ:- ਇਹ ਚੰਗੀ ਗੱਲ ਹੈ।

ਬੁਰੇ ਲੋਕਾਂ ਨਾਲ ਚੰਗੀਆਂ ਗੱਲਾਂ ਵਾਪਰਦੀਆਂ ਹਨ:- ਇਹ ਮਾੜੀ ਗੱਲ ਹੈ।

ਚੰਗੇ ਲੋਕਾਂ ਨਾਲ ਮਾੜੀਆਂ ਗੱਲਾਂ ਵਾਪਰਦੀਆਂ ਹਨ:- ਇਹ ਮਾੜੀ ਗੱਲ ਹੈ।

ਮਾੜੇ ਲੋਕਾਂ ਨਾਲ ਮਾੜੀਆਂ ਗੱਲਾਂ ਵਾਪਰਦੀਆਂ ਹਨ:- ਇਹ ਚੰਗੀ ਗੱਲ ਹੈ।

ਇਕ ਹੋਰ ਆਮ ਉਦਾਹਰਣ ਰਾਹੀ ਸਮਝੀਏ

ਇਕ ਦੋਸਤ + ਅਤੇ ਦੁਸ਼ਮਣ – ਹੈ।

++ => + ਮੇਰੇ ਮਿੱਤਰ ਦਾ ਮਿੱਤਰ ਮੇਰਾ ਮਿੱਤਰ ਹੈ।

+- => - ਮੇਰੇ ਮਿੱਤਰ ਦਾ ਦੁਸ਼ਮਣ ਮੇਰਾ ਦੁਸ਼ਮਣ ਹੈ।

-+ => - ਦੁਸ਼ਮਣ ਦਾ ਮਿੱਤਰ ਮੇਰਾ ਦੁਸ਼ਮਣ ਹੈ।

-- => + ਮੇਰੇ ਦੁਸ਼ਮਣ ਦਾ ਦੁਸ਼ਮਣ ਮੇਰਾ ਮਿੱਤਰ ਹੈ।

**+ + ⇒ +** **a friend of a friend is my friend**

**+ − ⇒ −** **a friend of an enemy is my enemy**

**− + ⇒ −** **an enemy of a friend is my enemy**

**− − ⇒ +** **an enemy of an enemy is my friend**

Conclusion :

| Sign of Addend 1 | Sign of Addend 2 | Sign of Sum | How to Compute Sum |
|---|---|---|---|
| + | + | + | Add |
| – | – | – | Add |
| + | – | Sign of larger addend | Subtract smaller addend from the larger |
| – | + | Sign of larger addend | Subtract smaller addend from the larger |




**ਦੁਹਰਾਈ**

ਅਸੀ ਕੀ ਸਿੱਖਿਆ ?

. ਕਈ ਵਾਰ ਸਾਨੂੰ ਸੰਖਿਆਵਾਂ ਨੂੰ ਰਿਣਾਤਮਕ ਚਿੰਨ੍ਹ ਨਾਲ ਵਰਤਣਾ ਪੈਂਦਾ ਹੈ ਇਹ ਉਦੋਂ ਹੁੰਦਾ ਹੈ ਜਦੋ ਅਸੀ ਸੰਖਿਆ ਰੇਖਾ ਤੇ 0 ਤੋ ਹੇਠਾਂ ਵੱਲ ਜਾਂਦੇ ਹਾਂ ਅਸੀ ਇਨ੍ਹਾਂ ਨੂੰ ਰਿਣਾਤਮਕ ਸੰਖਿਆਵਾਂ ਕਹਿੰਦੇ ਹਾਂ।ਇਸ ਦੀਆਂ ਕੁਝ ਉਦਾਹਰਣਾਂ ਜਿਵੇਂ ਤਾਪਮਾਨ ਚੈਕ ਕਰਨ ਵਾਲਾ ਪੈਮਾਨਾ, ਨਦੀ ਦੇ ਪਾਣੀ ਦਾ ਤਲ, ਟੈਂਕ ਵਿੱਚ ਪਏ ਤੇਲ ਦੀ ਸਤ੍ਹਾ ਆਦਿ। ਇਨ੍ਹਾਂ ਨੂੰ ਅਸੀ ਖਾਤੇ ਵਿੱਚੋ ਪੈਸੇ ਕਢਵਾਉਣ ਅਤੇ ਬਕਾਏ ਰਾਸ਼ੀ ਲਈ ਵਰਤ ਸਕਦੇ ਹਾਂ।

. ਨੰਬਰਾਂ ਦੇ ਸਮੂਹ ਨੂੰ -4,-3,-2,-1,0,1,2,3,4….. ਨੂੰ ਅਸੀਂ ਸੰਪੂਰਨ ਸੰਖਿਆਵਾਂ ਕਹਿੰਦੇ ਹਾਂ। ਇਸ ਲਈ -1,-2,-3,-4…… ਰਿਣਾਤਮਕ ਸੰਖਿਆ ਹੈ ਇਹ ਰਿਣਾਤਮਕ ਸੰਪੂਰਨ ਸੰਖਿਆਵਾਂ ਵੀ ਹਨ ਅਤੇ 1,2,3,4…….. ਧਨਤਾਮਕ ਸੰਖਿਆ ਹੈ ਅਤੇ ਧਨਾਤਮਕ ਸੰਪੂਰਨ ਸੰਖਿਆਵਾਂ ਵੀ ਹਨ।

. ਅਸੀਂ ਇਹ ਵੀ ਦੇਖਿਆ ਕਿ ਦਿੱਤੀ ਹੋਈ ਸੰਖਿਆ ਤੋ ਇਕ ਸੰਖਿਆ ਤੋ ਵੱਧ ਕਿਵੇਂ ਅਗੇਤਰ ਦੇ ਸਕਦਾ ਹੈ ਅਤੇ ਦਿੱਤੀ ਹੋਈ ਸੰਖਿਆ ਤੋ ਇਕ ਸੰਖਿਆ ਘੱਟ ਕਿਵੇਂ ਪਿਛੇਤਰ ਦੇ ਸਕਦਾ ਹੈ।

. ਅਸੀ ਇਹ ਵੇਖਿਆ ਹੈ (a) ਜਦੋ ਸਾਡੇ ਕੋਲ ਇਕੋ ਜਿਹੇ ਚਿੰਨ੍ਹ ਹੋਣ ਤਾਂ ਉਨ੍ਹਾਂ ਦਾ ਜੋੜ ਕਰੋ ਅਤੇ ਉਹ ਚਿੰਨ੍ਹ ਲਗਾਓ।

(i) ਜਦੋ ਦੋ ਧਨਾਤਮਕ ਸੰਪੂਰਨ ਸੰਖਿਆਵਾਂ ਨੂੰ ਜੋੜਿਆ ਜਾਂਦਾ ਹੈ ਤਾਂ ਸਾਨੂੰ ਧਨਾਤਮਕ ਸੰਪੂਰਨ ਸੰਖਿਆ ਪ੍ਰਾਪਤ ਹੁੰਦੀ ਹੈ।ਉਦਾਹਰਣ **[e.g. (+ 3) + ( + 2) = + 5].**

(ii) ਜਦੋ ਦੋ ਰਿਣਾਤਮਕ ਸੰਪੂਰਨ ਸੰਖਿਆਵਾਂ ਨੂੰ ਜੋੜਿਆ ਜਾਂਦਾ ਹੈ ਤਾਂ ਸਾਨੂੰ ਰਿਣਾਤਮਕ ਸੰਪੂਰਨ ਸੰਖਿਆ ਪ੍ਰਾਪਤ ਹੁੰਦੀ ਹੈ।ਉਦਾਹਰਣ **[e.g. (–2) + ( – 1) = – 3].**

(b) ਜਦੋ ਇਕ ਧਨਾਤਮਕ ਅਤੇ ਰਿਣਾਤਮਕ ਸੰਪੂਰਨ ਸੰਖਿਆ ਨੂੰ ਜੋੜਿਆ ਜਾਂਦਾ ਹੈ ਤਾਂ ਅਸੀ ਇਨ੍ਹਾਂ ਦਾ ਘਟਾਓ ਇਕ ਪੂਰਨ ਸੰਖਿਆ ਦੇ ਰੂਪ ਵਿੱਚ ਕਰਦੇ ਹਾਂ।ਸੰਖਿਆ ਦੇ ਚਿੰਨ੍ਹਾਂ ਵੱਲ ਧਿਆਨ ਨਾ ਦਿੰਦੇ ਹੋਏ ਅਤੇ ਪ੍ਰਾਪਤ ਸੰਖਿਆ ਤੇ ਵੱਡੀ ਸੰਖਿਆ ਦਾ ਚਿੰਨ੍ਹ ਲਗਾਉਂਦੇ ਹਾਂ। ਉਦਾਹਰਣ **[e.g. (+4) + (–3) = + 1 and (–4) +( + 3) = – 1].**

(c) ਸੰਪੂਰਨ ਸੰਖਿਆਵਾਂ ਦਾ ਘਟਾਓ ਉਸੇ ਤਰ੍ਹਾਂ ਹੋਵੇਗਾ ਜਿਸ ਤਰ੍ਹਾਂ ਜੋੜਾਤਮਕ ਸੰਖਿਆ ਦੇ ਜੋੜ ਦੇ ਉਲਟ।

**ਸੰਪੂਰਨ ਸੰਖਿਆਵਾਂ ਨੂੰ ਗੁਣਾ ਕਰਨਾ**

ਜਦੋ ਅਸੀ ਗੁਣਾ ਕਰਦੇ ਹਾਂ ਤਾਂ

| | | | Example |
|---|---|---|---|
| + × + | ਦੋ ਧਨਾਤਮਕ ਸੰਖਿਆਵਾਂ ਇਕ ਧਨਾਤਮਕ ਸੰਖਿਆ ਬਣਾਉਦੀਆਂ ਹਨ : | + | 3 × 2 = 6 |
| − × − | ਦੋ ਰਿਣਾਤਮਕ ਸੰਖਿਆਵਾਂ ਇਕ ਰਿਣਾਤਮਕ ਸੰਖਿਆ ਬਣਾਉਦੀਆਂ ਹਨ : | + | (−3) × (−2) = 6 |
| − × + | ਇਕ ਰਿਣਾਤਮਕ ਸੰਖਿਆ ਅਤੇ ਇਕ ਧਨਾਤਮਕ ਸੰਖਿਆ ਰਿਣਾਤਮਕ ਸੰਖਿਆ ਬਣਾਉਦੀਆਂ ਹਨ : | − | (−3) × 2 = −6 |
| + × − | ਇਕ ਧਨਤਾਮਕ ਸੰਖਿਆ ਅਤੇ ਇਕ ਰਿਣਾਤਮਕ ਸੰਖਿਆ ਰਿਣਾਤਮਕ ਸੰਖਿਆ ਬਣਾਉਦੀਆਂ ਹਨ : | − | 3 × (−2) = −6 |

ਇਸ ਲਈ ਦੋ ਰਿਣਾਤਮਕ ਇਕ ਧਨਾਤਮਕ ਬਣਾਉਂਦੇ ਹਨ ਅਸੀ ਉਦਾਹਰਣ ਰਾਹੀ ਦੱਸਦੇ ਹਾਂ ਕਿ ਕਿਵੇ:-

ਆਉ ਚਿੰਨ੍ਹਾਂ ਬਾਰੇ ਗੱਲ ਕਰੀਏ

" + " ਇਕ ਧਨਾਤਮਕ ਚਿੰਨ੍ਹ ਹੈ, " – " ਇਕ ਰਿਣਾਤਮਕ ਚਿੰਨ੍ਹ ਹੈ ।

ਜਦੋ ਕਿਸੇ ਸੰਖਿਆ ਦਾ ਕੋਈ ਚਿੰਨ੍ਹ ਨਾ ਹੋਵੇ ਤਾਂ ਉਸ ਨੂੰ ਧਨਾਤਮਕ ਸੰਖਿਆ ਮਨਿਆ ਜਾਂਦਾ ਹੈ

Example: **5** is really **+5**

ਅਤੇ ਅਸੀ ਸੰਖਿਆ ਦੇ ਦੁਆਲੇ ( ) ਪਾ ਸਕਦੇ ਹਾਂ ਤਾਂ ਕਿ ਕੋਈ ਉਲਝਣ ਨਾ ਹੋਵੇ।

Example: **3 × −2** ਨੂੰ ਅਸੀ **3 × (−2) ਲਿਖ ਸਕਦੇ ਹਾਂ**

ਚਿੰਨ੍ਹਾਂ ਸਬੰਧੀ ਨਿਯਮ

“ਦੋ ਇੱਕੋ ਤਰ੍ਹਾਂ ਦੇ ਚਿੰਨ੍ਹ ਇਕ ਧਨਾਤਮਕ ਚਿੰਨ ਦਿੰਦੇ ਹਨ,

ਦੋ ਵੱਖ-ਵੱਖ ਤਰ੍ਹਾਂ ਦੇ ਚਿੰਨ੍ਹ ਇਕ ਰਿਣਾਤਮਕ ਚਿੰਨ੍ਹ ਬਣਾਉਂਦੇ ਹਨ”




Example: (−2) × (+5)

ਇਹ ਚਿੰਨ੍ਹ – ਅਤੇ + (ਇੱਕ ਰਿਣਾਤਮਕ ਚਿੰਨ੍ਹ ਅਤੇ ਇੱਕ ਧਨਾਤਮਕ ਚਿੰਨ੍ਹ) ਇਸ ਲਈ ਇਹ ਇੱਕ ਅਸਮਾਨ ਚਿੰਨ੍ਹ ਹਨ (ਇਹ ਕਿੱਏ ਦੂਜੇ ਤੋਂ ਵੱਖ-ਵੱਖ ਚਿੰਨ੍ਹ ਹਨ।)

ਇਸ ਲਈ ਨਤੀਜਾ ਰਿਣਾਤਮਕ ਹੋਣਾ ਚਾਹੀਦਾ ਹੈ ।

$$(-2) \times (+5) = -10$$

Example: (−4) × (−3)

ਦੋਵੇਂ ਚਿੰਨ੍ਹ – ਅਤੇ- ਹਨ( ਦੋਵੇਂ ਰਿਣਾਤਮਕ ਚਿੰਨ੍ਹ ਹਨ) ਇਸ ਲਈ ਇਹ ਚਿੰਨ੍ਹ ਇਕ ਸਮਾਨ ਹਨ ।ਇਸ ਲਈ ਨਤੀਜਾ ਧਨਾਤਮਕ ਹੋਣਾ ਚਾਹੀਦਾ ਹੈ ।

$$(-4) \times (-3) = +12$$

ਦੋ ਰਿਣਾਤਮਕ ਸੰਖਿਆਵਾਂ ਦੀ ਗੁਣਾ ਇਕ ਧਨਾਤਮਕ ਸੰਖਿਆ ਕਿਉ ਬਣਾਉਦੀ ਹੈ।

ਇਕ ਆਮ ਉਦਾਹਰਣ ਰਾਹੀਂ ਸਮਝਦੇ ਹਾਂ:

. ਜਦੋਂ ਮੈਂ “ਖਾਣ” ਲਈ ਕਹਿੰਦੀ ਹਾ ਤਾਂ ਮੈਂ ਤੁਹਾਨੂੰ ਖਾਣ ਲਈ ਪ੍ਰੇਰਿਤ ਕਰਦੀ ਹਾਂ(ਇਹ ਧਨਾਤਮਕ ਹੈ)

. ਪਰ ਜਦੋਂ ਮੈਂ ਕਹਿੰਦੀ ਹਾਂ ਕਿ “ਨਾ ਖਾਉ” ਤਾਂ ਮੈਂ ਵਿਰੋਧੀ ਗਲੱ ਕਰਦੀ ਹਾਂ(ਇਹ ਰਿਣਾਤਮਕ ਹੈ)

. ਹੁਣ ਜਦੋ ਮੈਂ ਕਹਿੰਦੀ ਹਾਂ “ਨਹੀਂ ਨਹੀਂ ਖਾਉ” ਤਾਂ ਮੈਂ ਕਹਿੰਦੀ ਹਾਂ ਕਿ ਮੈਂ ਤੁਹਾਨੂੰ ਭੁੱਖੇ ਨਹੀ ਮਾਰਨਾ ਚਾਹੁੰਦੀ ਤਾਂ ਮੈਂ ਦੁਬਾਰਾ ਖਾਣ ਲਈ ਕਹਿੰਦੀ ਹਾਂ(ਇਹ ਧਨਾਤਮਕ ਹੈ)

ਇਸ ਲਈ ਦੋ ਰਿਣਾਤਮਕ ਇਕ ਧਨਾਤਮਕ ਬਣਾਉਦੇ ਹਨ ।

## Direction

ਇਹ ਸਭ ਦਿਸ਼ਾ ਬਾਰੇ ਹੈ ।ਸੰਖਿਆ ਰੇਖਾ ਨੂੰ ਯਾਦ ਕਰਦੇ ਹੋਏ:




ਇਥੇ ਸਾਡੇ ਕੋਲ ਸਟੀਵਨ ਨਾਂ ਦੀ ਛੋਟਾ ਬੱਚਾ ਹੈ ਜੋ ਕਿ ਆਪਣਾ ਪਹਿਲਾ ਕਦਮ ਰੱਖਣ ਜਾ ਰਿਹਾ ਹੈ ।ਇਹ ਇਕ ਸਮੇ ਵਿੱਚ ਦੋ ਕਦਮ ਚਲਦਾ ਹੈ ।ਇਸ ਤਰ੍ਹਾਂ ਉਹ ਤਿੰਨ ਵਾਰ ਕਰਦਾ ਹੈ ਤਾਂ ਉਹ 2X3=6 ਕਦਮ ਅੱਗੇ ਨੂੰ ਵਧਦਾ ਹੈ।




ਹੁਣ ਸਟੀਵਨ (ਜੋ ਕਿ ਇਕ ਚੁਸਤ ਬੱਚਾ ਹੈ)ਕਦਮ ਪਿਛੇ ਵੱਲ ਰੱਖਦਾ ਹੈ ।ਉਸਦੇ ਪਿਤਾ ਜੀ ਉਸ ਨੂੰ ਸ਼ੁਰੂਆਤ ਤੇ ਖੜਾ ਕਰ ਦਿੰਦੇ ਹਨ ਤਾਂ ਸਟੀਵਨ ਦੋ ਕਦਮ ਪਿੱਛੇ ਨੂੰ ਚਲਦਾ ਹੈ ।ਇਸ ਤਰ੍ਹਾਂ ਉਹ ਤਿੰਨ ਵਾਰ ਕਰਦਾ ਹੈ।




ਇਕ ਵਾਰ ਫਿਰ ਸਟੀਵਨ ਦੇ ਪਿਤਾ ਜੀ ਉਸ ਨੂੰ ਸ਼ੁਰੂਆਤ ਤੇ ਖੜਾ ਕਰਦੇ ਹਨ ਪਰ ਉਸ ਦਾ ਮੂੰਹ ਦੂਜੇ ਪਾਸੇ ਰੱਖਦੇ ਹਨ।ਸਟੀਵਨ ਦੋ ਕਦਮ ਅੱਗੇ ਵੱਲ ਵਧਦਾ ਹੈ ।(ਉਸ ਲਈ)ਪਰ ਉਹ ਰਿਣਾਤਮਕ ਦਿਸ਼ਾ ਵੱਲ ਵੱਧ ਵਧਦਾ ਹੈ ।ਇਸ ਤਰ੍ਹਾਂ ਉਹ ਤਿੰਨ ਵਾਰ ਕਰਦਾ ਹੈ।




ਪਿਤਾ ਜੀ ਉਸ ਨੂੰ ਸ਼ੁਰੂਆਤ ਤੇ ਫਿਰ ਲੈ ਆਉਦੇ ਹਨ ਪਰ ਉਸ ਦਾ ਮੂੰਹ ਰਿਣਾਤਮਕ ਦਿਸ਼ਾ ਵੱਲ ਹੈ ।ਉਹ ਆਪਣੇ ਕਦਮ ਪਿਛੇ ਵੱਲ ਲੈਂਦਾਂ ਹੈ।ਇਕ ਵਾਰ ਫਿਰ ਦੋ ਕਦਮ ਚਲਦਾ ਹੈ ਇਸ ਤਰ੍ਹਾਂ ਤਿੰਨ ਵਾਰ ਕਰਦਾ ਹੈ।




ਇਸ ਤਰ੍ਹਾਂ ਪਿਛੇ ਵੱਲ ਚਲਦੇ ਹੋਏ ਜਦ ਕਿ ਉਸ ਦਾ ਮੂੰਹ ਰਿਣਾਤਮਕ ਦਿਸ਼ਾ ਵੱਲ ਹੁੰਦਾ ਹੈ ,ਉਹ ਧਨਾਤਮਕ ਦਿਸ਼ਾ ਵੱਲ ਵਧਦਾ ਹੈ ।

ਆਪਣੇ ਆਪ ਕਰਨ ਦੀ ਕੋਸ਼ਿਸ਼ ਕਰੋ :- ਅੱਗੇ ਵੱਲ ਵਧੋ ਉਤੇ ਪਿਛੇ ਵੱਲ ਜਾਉ,ਫਿਰ ਦੂਜੀ ਦਿਸ਼ਾ ਵੱਲ ਮੂੰਹ ਕਰਕੇ ਕਦਮ ਵਧਾਉ।

## Multiplication Table

ਇਸ ਨੂੰ ਕਰਨ ਦੀ ਇਕ ਹੋਰ ਵਿਧੀ ਹੈ -

ਗੁਣਾ ਦੇ ਟੇਬਲ ਤੋਂ ਸ਼ੁਰੂਆਤ ਕਰੋ(4X4 ਅੰਕ ਲੈ ਕੇ)

| | | | | |
|---|---|---|---|---|
| **×** | **1** | **2** | **3** | **4** |

| | | | | |
|---|---|---|---|---|
| **1** | 1 | 2 | 3 | 4 |
| **2** | 2 | 4 | 6 | 8 |
| **3** | 3 | 6 | 9 | 12 |
| **4** | 4 | 8 | 12 | 16 |

ਹੁਣ ਵੇਖੋ ਕੀ ਹੁੰਦਾ ਹੈ ਜਦੋ ਅਸੀ ਰਿਣਾਤਮਕ ਵੱਲ ਜਾਂਦੇ ਹਾਂ ।

0 ਰਾਹੀ ਪਿਛੇ ਵੱਲ ਨੂੰ ਜਾਉ।

| × | 1 | 2 | 3 | 4 |
|---|---|---|---|---|
| **-4** | -4 | -8 | -12 | -16 |
| **-3** | -3 | -6 | -9 | -12 |
| **-2** | -2 | -4 | -6 | -8 |
| **-1** | -1 | -2 | -3 | -4 |
| **0** | 0 | 0 | 0 | 0 |
| **1** | 1 | 2 | 3 | 4 |
| **2** | 2 | 4 | 6 | 8 |
| **3** | 3 | 6 | 9 | 12 |

| | | | | |
|---|---|---|---|---|
| **4** | 4 | 8 | 12 | 16 |

ਕਾਲਮ 4 ਵੱਲ ਵੇਖੋ -16 ,-12 ,-8 ,-4 ,0,4,8,12,16 ਹਰ ਵਾਰ 4 ਅੰਕ ਅੱਗੇ ਵਧਦਾ ਹੈ ।ਟੇਬਲ ਵੱਲ ਦੁਬਾਰਾ ਵੇਖੋ ਅਸੀ 0 ਰਾਹੀ ਖੱਬੇ ਪਾਸੇ ਵੱਲ ਵਧਾਗੇ।

| **×** | **-4** | **-3** | **-2** | **-1** | **0** | **1** | **2** | **3** | **4** |
|---|---|---|---|---|---|---|---|---|---|
| **-4** | 16 | 12 | 8 | 4 | 0 | -4 | -8 | -12 | -16 |
| **-3** | 12 | 9 | 6 | 3 | 0 | -3 | -6 | -9 | -12 |
| **-2** | 8 | 6 | 4 | 2 | 0 | -2 | -4 | -6 | -8 |
| **-1** | 4 | 3 | 2 | 1 | 0 | -1 | -2 | -3 | -4 |
| **0** | 0 | 0 | 0 | 0 | 0 | 0 | 0 | 0 | 0 |
| **1** | -4 | -3 | -2 | -1 | 0 | 1 | 2 | 3 | 4 |
| **2** | -8 | -6 | -4 | -2 | 0 | 2 | 4 | 6 | 8 |
| **3** | -12 | -9 | -6 | -3 | 0 | 3 | 6 | 9 | 12 |
| **4** | -16 | -12 | -8 | -4 | 0 | 4 | 8 | 12 | 16 |

ਇਸ ਤਰੀਕੇ ਨਾਲ ਅਸੀਂ ਲਾਈਨ ਜਾਂ ਕਾਲਮ ਦੀ ਸੰਖਿਆ ਨੂੰ ਦੇਖ ਸਕਦੇ ਹਾਂ ਕੀਮਤ ਇਸੇ ਤਰ੍ਹਾਂ ਬਦਲੇਗੀ ।

. 4 ਨੰਬਰ ਦੀ ਲਾਈਨ ਵਲ ਵੇਖੋ ਇਸ ਵਿਚ -16 ,-12,-8,-4,0,4,8,12,16 ਅੰਕ ਜੋ ਕਿ ਹਰ ਵਾਰ 4 ਅੰਕ ਵਧਦਾ ਹੈ ।

. ਅਸੀ -4 ਵਾਲੀ ਲਾਈਨ ਵਲ ਵੇਖਿਏ ਤਾਂ ਇਸ ਵਿੱਚ 16 ,12,8,4,0,-4,-8,-12,-16 ਅੰਕ ਹੈ ਜੋਕਿ ਹਰ ਵਾਰ 4 ਅੰਕ ਘਟਦਾ ਹੈ।ਇਹ ਇਸੇ ਤਰੀਕੇ ਨਾਲ ਹੁੰਦਾ ਹੈ ।

ਕਈ ਸੰਪੂਰਨ ਸੰਖਿਆਵਾਂ ਦੀ ਗੁਣਾ ਕਰਨਾ:

(-1) x (+1) x (-1) = +1

b. (+1) x (+1) x (-1) = -1

c. (-1) x (-1) x (+1) = +1

d. (-1) x (-1) x (-1) = -1

ਜੇ negative ਚਿੰਨ੍ਹ ਵਾਲੀ ਜਿਸਤ ਸੰਖਿਆ ਹੈ ਤਾਂ ਗੁਣਾ Positive ਹੋਵੇਗੀ ।

ਜੇਕਰ negative ਚਿੰਨ੍ਹ ਵਾਲੀ ਟਾਂਕ ਸੰਖਿਆ ਹੈ ਤਾਂ ਗੁਣਾ negative ਹੋਵੇਗੀ ।




1. ਅੰਕ ਨੰਬਰ ਹੈ, ਅਤੇ ਜਿਸ ਦੀ ਗਿਣਤੀ ਇੱਕ ਵੱਡਾ ਭੰਡਾਰ ਹੈ,

ਇਹ ਕਲਾਸ VI ਵਿਚ ਪੇਸ਼ ਕੀਤਾ ਗਿਆ ਸੀ.

2. ਅੰਕ ਦੇ ਨੁਮਾਇੰਦਗੀ ਬਾਰੇ, ਪਿਛਲੇ ਕਲਾਸ ਵਿਚ ਅਧਿਐਨ ਕੀਤਾ ਹੈ

ਨੰਬਰ ਦੀ ਲਾਈਨ ਅਤੇ ਜੋੜ ਅਤੇ ਘਟਾਉ.

3. ਜੋੜ ਅਤੇ ਘਟਾਉ ਦੇ ਵਿਸ਼ੇਸ਼ਤਾ ਦਾ ਅਧਿਐਨ.

(ੳ) ਅੰਕ ਦੋਨੋ ਜੋੜ ਅਤੇ ਘਟਾਉ ਦੇ ਲਈ ਬੰਦ ਕਰ ਰਹੇ ਹਨ. ਕਿ ਹੈ, ਇੱਕ + ਬੀ ਅਤੇ

ਨੂੰ ਇੱਕ - B a ਅਤੇ b ਕੋਈ ਵੀ ਪੂਰਨ ਹਨ, ਜਿੱਥੇ ਅੰਕ, ਨੂੰ ਮੁੜ ਰਹੇ ਹਨ.

(ਅ) ਇਸ ਦੇ ਨਾਲ, ਭਾਵ, ਸਾਰੇ ਅੰਕ ਲਈ ਇੱਕ a + b = b + a, ਅੰਕ ਲਈ a ਅਤੇ b commutative ਹੈ

.

(c) ਇਸ ਦੇ ਨਾਲ ਦੇ ਸਾਰੇ ਅੰਕ ਲਈ ਅੰਕ, ਭਾਵ, (a + b) + c = a + (b + C) ਲਈ ਜੁੜਨਸ਼ੀਲ ਹੈ

**(d) ਅੰਕ 0 ਇਸ ਦੇ ਨਾਲ ਦੇ ਅਧੀਨ ਪਛਾਣ ਦੀ ਹੈ. ਕਿ ਹਰ ਲਈ ਇੱਕ a + 0 = 0 + a = a, ਹੈ**

**4. ਅੰਕ , ਦਾ ਅਧਿਐਨ ਕੀਤਾ ਹੈ, ਇੱਕ ਸਕਾਰਾਤਮਕ ਅਤੇ ਇੱਕ ਨਕਾਰਾਤਮਕ ਅੰਕ ਦੀ ਗੁਣਾ ਇੱਕ ਨਕਾਰਾਤਮਕ**

**ਅਤੇ ਇੱਕ ਨਕਾਰਾਤਮਕ ਪੂਰਨ ਅੰਕ, ਨਕਾਰਾਤਮਕ ਦੋ ਦੀ ਗੁਣਾ**

**ਅੰਕ ਇੱਕ ਸਕਾਰਾਤਮਕ ਪੂਰਨ ਅੰਕ ਹੈ. ਉਦਾਹਰਨ ਲਈ, - 2 × 7 = - 14 ਅਤੇ - 3 × - 8 = 24.**

**ਨਕਾਰਾਤਮਕ ਅੰਕ ਦੀ ਵੀ ਗਿਣਤੀ ਦੇ 5. ਉਤਪਾਦ ਨਿਰਾਲੀ ਦੇ ਉਤਪਾਦ, ਜਦ ਕਿ, ਸਕਾਰਾਤਮਕ ਹੈ**

**ਨਕਾਰਾਤਮਕ ਅੰਕ ਦੀ ਗਿਣਤੀ ਰਿਣਾਤਮਕ ਹੈ.**

**6. ਅੰਕ ਗੁਣਾ ਦੇ ਅਧੀਨ ਕੁਝ ਵਿਸ਼ੇਸ਼ਤਾ ਨੂੰ ਦਿਖਾਉਣ.**

**(ੳ) ਅੰਕ ਗੁਣਾ ਦੇ ਅਧੀਨ ਬੰਦ ਕਰ ਰਹੇ ਹਨ. ਕਿ ਅ × ਨੂੰ ਇੱਕ ਕਿਸੇ ਵੀ ਦੋ ਲਈ ਇੱਕ ਪੂਰਨ ਅੰਕ ਹੈ, ਹੈ,**

**ਅੰਕ a ਅਤੇ b.**

**(ਅ) ਗੁਣਾ ਅੰਕ ਲਈ commutative ਹੈ. ਕਿ, ਕਿਸੇ ਵੀ ਅੰਕ ਲਈ ਇੱਕ a*b =b*a ਹੈ**

**a ਅਤੇ b.**

**(c) ਪੂਰਨ ਅੰਕ 1, ਭਾਵ, ਗੁਣਾ ਦੇ ਅਧੀਨ ਪਛਾਣ ਦੀ ਹੈ 1 × a= a× 1 = a**

**ਨੂੰ ਇੱਕ ਪੂਰਨ ਅੰਕ.**

**(d) ਗੁਣਾ ਕਿਸੇ ਲਈ, ਭਾਵ, (a× b) ×C =a× (b × c)**

7. ਇਸ ਦੇ ਨਾਲ ਹੈ ਅਤੇ ਗੁਣਾ ਦੇ ਅਧੀਨ, ਅੰਕ ਵੰਡਣਾਤਮਕ ਸੰਪਤੀ ਨੂੰ ਕਹਿੰਦੇ ਹਨ, ਇੱਕ ਜਾਇਦਾਦ ਨੂੰ ਦਿਖਾਉਣ.

ਇਹ ਇਕ a × (b+c)ਏ, ਬੀ ਅਤੇ ਸੀ ਕਿਸੇ ਵੀ ਤਿੰਨ ਅੰਕ ਲਈ ਇੱਕ a ×b+a *c = ਹੁੰਦਾ ਹੈ.

28 ਹਿਸਾਬ

